ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

1920 ਤੋਂ
ਸਾਲ 100 ਵਾਂ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧ ਸਾਉਣ ਤੋਂ ੧੫ ਸਾਉਣ ੨੦੭੭ ਬ੍ਰਿ.
16 July To 30 July 2020

ਜਿਲਦ 28
ਨੰਬਰ 12
Total Pages 48

ਸ੍ਰੀ ਹਰਿ ਕ੍ਰਿਸਨ ਧਿਆਈਐ ਜਿਸੁ ਡਿਠੇ ਸਭੁ ਦੁਖੁ ਜਾਇ॥



ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਵਰ੍ਹਾ (1920-2020)



ਬਾਗਵਾਲੀ ਕੋਠੀ ਵਿੱਚ ਸ੍ਰੀ ਸਤਿਗੁਰੂ ਜੀ ਚੀਲ੍ਹ ਦਾ ਰੁੱਖ ਲਾਉਂਦੇ ਹੋਏ।

ਜੁਲਾਈ 2020
ਸ੍ਰੀ ਭੈਣੀ ਸਾਹਿਬ

ਬਾਗਵਾਲੀ ਕੋਠੀ ਦਾ ਅਹਾਤੇ 'ਚ 1934 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੁਝ ਬੂਟੇ ਉਚੇਚੇ ਲਗਾਏ। ਜਿਨ੍ਹਾਂ ਵਿੱਚ ਮੌਲਮਰੀ, ਚੰਪਾ, ਖੱਟੀ ਅਤੇ ਚੀਲ੍ਹਾਂ ਆਦਿ ਸਨ। ਚੀਲ੍ਹਾਂ ਆਮ ਤੌਰ 'ਤੇ ਪਹਾੜਾਂ 'ਚ ਹੁੰਦੀਆਂ ਹਨ ਪਰ ਏਥੇ ਸਤਿਗੁਰੂ ਜੀ ਦੁਆਰਾ ਲਗਾਏ ਚੀਲ੍ਹ ਦੇ ਦੋ ਰੱਖਾਂ ਦਾ ਕੱਦ ਪਹਾੜੀ ਚੀਲ੍ਹਾਂ ਤੋਂ ਵੀ ਜਿਆਦਾ ਹੋਇਆ। ਪਿਛਲੇ ਵਰ੍ਹੇ ਤੇਜ ਝੱਖੜ ਨਾਲ ਚੜ੍ਹਦੇ ਪਾਸੇ ਦੀ ਚੀਲ ਜੜ੍ਹਾਂ ਤੋਂ ਉੱਖੜ ਕੇ ਹਰੀ ਮੰਦਰ ਦੀ ਛੱਤ ਨਾਲ ਜਾ ਕੇ ਰੁਕ ਗਈ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਬਹੁਤ ਮਿਹਨਤ ਨਾਲ ਉਸ ਚੀਲ੍ਹ ਨੂੰ ਸਿੱਧਿਆਂ ਕਰਕੇ ਬਚਾਉਣ ਦੀ ਕੋਸ਼ਿਸ਼ ਕੀਤੀ। ਪਰ ਜੜ੍ਹਾਂ ਹਿੱਲ ਚੁੱਕੀਆਂ ਸਨ। ਅਖੀਰ ਉਹ ਚੀਲ੍ਹ ਸੁੱਕ ਗਈ। ਇਸ ਲਈ ਸ੍ਰੀ ਸਤਿਗੁਰੂ ਜੀ ਨੇ ਉਸੇ ਜਗ੍ਹਾ ਚੀਲ੍ਹ ਦਾ ਨਵਾਂ ਬੂਟਾ ਲਗਾਇਆ।

# ਸਤਿਜੁਗ

੧ ਸਾਉਣ ਤੋਂ ੧੫ ਸਾਉਣ ੨੦੭੭ ਬ੍ਰਿ.
16 ਤੋਂ 30 ਜੁਲਾਈ 2020 ਈ:
ਜਿਲਦ 28, ਵੀਰਵਾਰ ਨੰਬਰ 12

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

**Advisory Board:**
*Harvendra Singh Hanspal*
*Gurbhej Singh Guraya*

**Editorial Board:**
*Suwarn Singh 'Virk'*
*Harpal Singh 'Sewak'*
*Sukhwinder Singh 'Lyall'*
*Nishan Singh kathavachak*
*Jaswant Singh 'Mast'*
*Bhajan Singh*
*Gurlal Singh*

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ ਯੂ.ਐਸ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ ਯੂ.ਐਸ ਡਾਲਰ

***Designed and Typeset:***
***Hakam Singh & Taran Singh 'Bal'***
***Vishav Namdhari Sangat, Sri Bhaini Sahib***

***Satjug@sribhainisahib.com***

**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099

# ਤਤਕਰਾ

* ਸੰਪਾਦਕੀ-- ਗੁਰਮਤਿ ਦੀ ਰੌਸ਼ਨੀ ਵਿੱਚ ਭਾਈ ਭਤੀਜਾਵਾਦ.....
ਹਰਪਾਲ ਸਿੰਘ ਸੇਵਕ....................................4
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ.........................7
* ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.........................7
* ਸਦ ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ.........................8
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ.............................9
* A Saga of Sri Satguru Jagjit Singh ji
Dr. Sharada Jayagovind ......................................14
* ਗੁਰਮਤਿ ਵਿਚ ਬਿਬੇਕ ਦਾ ਸੰਕਲਪ ਅਤੇ ਬਿਬੇਕੀ ਰਹਿਤ
ਹਰਪਾਲ ਸਿੰਘ ਸੇਵਕ ...................................16
* ਨਾ ਦਰਸ਼ਣ ਦੇ ਹੈਂ ਨਾ ਦਰਸ਼ਣ ਲੇ ਹੈਂ
(ਅੱਠਵੇਂ ਪਾਤਸ਼ਾਹ ਦੇ ਆਗਮਨ ਪੁਰਬ ਤੇ ਵਿਸ਼ੇਸ਼)
ਪ੍ਰੋ. ਅਵਤਾਰ ਸਿੰਘ ..................................20
* ਡਾ.ਅਬਦਲ ਕਲਾਮ: ਇੱਕ ਕਰਮ ਯੋਗੀ
ਪਿਆਰਾ ਸਿੰਘ ਚਾਨਾ ................................22
* ਗੁਰਮਤਿ ਦੀ ਲੋਅ: ਵਿਦਿਅਕ ਸੰਮੇਲਨ
ਪ੍ਰੋ. ਗੁਰਪ੍ਰੀਤ ਸਿੰਘ ..................................24
* ਗੁੱਸਾ ਮਨਿ ਨ ਹੰਢਾਇ
ਹਰਪਾਲ ਸਿੰਘ ਸੇਵਕ...............................26
* ਜਿਸਨੂੰ ਪਿਆਰ ਕਰਦੇ ਹੋਈਏ.......
ਪ੍ਰੋ. ਹਰਪਾਲ ਸਿੰਘ ਪੰਨੂ ਦੀ ਇੰਟਰਵਿਊ 'ਚੋਂ............27
* ਪਾਠਕਾਂ ਲਈ ਵਿਸ਼ੇਸ਼ (ਆਲਾ ਸਿੰਘ) .........................28
* ਅੜਬੰਗੀ (ਨਾਵਲ)
ਸਵ. ਸੰਤ ਇੰਦਰ ਸਿੰਘ ਚੱਕਰਵਰਤੀ ..................30
* ਕਾਵਿ-ਕਿਆਰੀ ...............................................32
* ਖ਼ਬਰਨਾਮਾ.................................................35

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

# ਗੁਰਮਤਿ ਦੀ ਰੌਸ਼ਨੀ ਵਿੱਚ
# ਭਾਈ ਭਤੀਜਾਵਾਦ ਅਰਥਾਤ ਨੈਪੋਟਿਜ਼ਮ ਤੇ ਵਿਚਾਰ

ਪਿਛਲੇ ਦਿਨੀਂ ਬਾਲੀਵੁੱਡ ਐਕਟਰ ਸੁਸ਼ਾਂਤ ਸਿੰਘ ਰਾਜਪੂਤ ਦੇ ਆਤਮ ਹੱਤਿਆ-ਕਾਂਡ ਤੋਂ ਬਾਅਦ ਟੀ.ਵੀ. ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਤੇ ਨੈਪੋਟਿਜ਼ਮ ਬਾਰੇ ਜ਼ੋਰਦਾਰ ਚਰਚਾ ਹੋਈ। ਨੈਪੋਟਿਜ਼ਮ ਭਾਵ ਭਾਈ-ਭਤੀਜਾਵਾਦ ਜਾਂ ਪਰਿਵਾਰਵਾਦ। ਚਰਚਾ ਸੀ ਕਿ ਬਾਲੀਵੁੱਡ ਵਿੱਚ ਕੁੱਝ ਵਿਸ਼ੇਸ਼ ਖਾਨਦਾਨ ਜਾਂ ਪਰਿਵਾਰ ਹੀ ਸਥਾਪਿਤ ਹਨ ਜੋ ਆਪਣੇ ਪਰਿਵਾਰ ਦੇ ਅਯੋਗ ਕਲਾਕਾਰਾਂ ਨੂੰ ਵੀ ਪ੍ਰਮੋਟ ਕਰਦੇ ਹਨ ਅਤੇ ਕਿਸੇ ਨਵੇਂ ਕਲਾਕਾਰ ਦੇ ਪੈਰ ਨਹੀਂ ਲੱਗਣ ਦਿੰਦੇ। ਉਸ ਵਿਰੁੱਧ ਛੜ੍ਹਯੰਤਰ ਰਚਦੇ ਹਨ, ਉਸ ਨੂੰ ਪ੍ਰੇਸ਼ਾਨ ਕਰਦੇ ਹਨ। ਕਈਆਂ ਦਾ ਦੋਸ਼ ਹੈ ਕਿ ਅਜਿਹੀਆਂ ਪ੍ਰੇਸ਼ਾਨੀਆਂ ਕਾਰਨ ਹੀ ਸੁਸ਼ਾਂਤ ਆਤਮ ਹੱਤਿਆ ਕਰਨ ਲਈ ਮਜ਼ਬੂਰ ਹੋਇਆ। ਇਹ ਚਰਚਾ ਵੀ ਹੋਈ ਕਿ ਸਾਡੇ ਦੇਸ਼ ਭਾਰਤ ਵਿੱਚ ਪਰਿਵਾਰਵਾਦ ਹਰ ਖੇਤਰ ਵਿੱਚ ਸਪੱਸ਼ਟ ਦਿੱਸਦਾ ਹੈ ਅਤੇ ਅਨੇਕਾਂ ਸਮੱਸਿਆਵਾਂ ਦਾ ਮੂਲ ਕਾਰਨ ਨੈਪੋਟਿਜ਼ਮ ਹੀ ਹੈ। ਭਾਰਤੀ ਰਾਜਨੀਤੀ ਤੋਂ ਲੈ ਕੇ ਫੌਜ, ਪੁਲਿਸ, ਖੇਡਾਂ, ਵਿੱਦਿਅਕ ਅਦਾਰਿਆਂ ਵਿਸ਼ੇਸ਼ ਕਰਕੇ ਯੂਨੀਵਰਸਿਟੀਆਂ ਦੇ ਉੱਚ ਅਹੁਦਿਆਂ ਤੇ ਨੈਪੋਟਿਜ਼ਮ ਭਾਰੂ ਹੈ।

ਨੈਪੋਟਿਜ਼ਮ, ਲੋਭੀ, ਸੁਆਰਥੀ ਅਤੇ ਸੰਕੀਰਨ ਮਾਨਸਿਕਤਾ ਦੀ ਉਪਜ ਹੈ। ਪੰਜਾਬੀ ਦੀ ਮਸ਼ਹੂਰ ਕਹਾਵਤ ਬੜੀ ਢੁੱਕਵੀਂ ਜਾਪਦੀ ਹੈ: 'ਅੰਨ੍ਹਾਂ ਵੰਡੇ ਸੀਰਨੀ, ਮੁੜ-ਮੁੜ ਆਪਣਿਆਂ ਨੂੰ।' ਲੋਭ ਅਤੇ ਸਵਾਰਥ ਵੱਸ ਮਨੁੱਖ ਵਿਵੇਕ ਦ੍ਰਿਸ਼ਟੀ ਖੋ ਬੈਠਦਾ ਹੈ। ਉਹ ਮੋਹ ਵੱਸ ਦੇਸ਼, ਕੌਮ ਅਤੇ ਸਮਾਜ ਕਲਿਆਣ ਦੇ ਹਿੱਤ ਪਿੱਛੇ ਛੱਡ ਕੇ ਆਪਣੇ ਪਰਿਵਾਰਕ ਹਿੱਤਾਂ ਨੂੰ ਪਹਿਲ ਦਿੰਦਾ ਹੈ। ਨੈਪੋਟਿਜ਼ਮ ਦੀ ਮਾਨਸਿਕਤਾ ਕੇਵਲ ਖ਼ੂਨ ਦੇ ਰਿਸ਼ਤਿਆਂ ਤੱਕ ਭਾਵ ਕੇਵਲ ਪਰਿਵਾਰ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਗ੍ਰਿਹ ਜੀਵਨ ਦੇ ਤਿਆਗੀ ਅਤੇ ਆਪਣੇ-ਆਪ ਨੂੰ ਸੰਨਿਆਸੀ ਅਖਵਾਉਣ ਵਾਲੇ ਵਿਅਕਤੀਆਂ ਵਿੱਚ ਵੀ ਅਜਿਹੀ ਸੌੜੀ ਸੋਚ ਆਮ ਵੇਖਣ ਨੂੰ ਮਿਲਦੀ ਹੈ। ਅਜਿਹੇ ਵਿਅਕਤੀ ਜਦੋਂ ਉੱਚ ਅਹੁਦਿਆਂ ਤੇ ਕਾਬਜ਼ ਹੋ ਜਾਂਦੇ ਹਨ ਤਾਂ ਆਪਣੀ ਜਾਤ, ਗੋਤ, ਨਸਲ ਅਤੇ ਧਰਮ ਦੇ ਨਾਮ ਤੇ ਸੰਕੀਰਨ ਹੋਣ ਕਰਕੇ ਯੋਗ ਵਿਅਕਤੀਆਂ ਦੀ ਚੋਣ ਨਹੀਂ ਕਰ ਸਕਦੇ। ਭਾਰਤ ਦੇਸ਼ ਦੀ ਰਾਜਨੀਤੀ ਵਿੱਚ ਅਜਿਹੀ ਸੌੜੀ ਸੋਚ ਬਹੁਤ ਭਾਰੂ ਹੈ।

ਜਦੋਂ ਅਸੀਂ ਗੁਰਮਤਿ ਫਲਸਫੇ ਅਤੇ ਗੁਰ ਇਤਿਹਾਸ ਤੇ ਨਿਗਾਹ ਮਾਰਦੇ ਹਾਂ ਤਾਂ ਨੈਪੋਟਿਜ਼ਮ ਦੀ ਉਲਝਣ ਦਾ ਬਹੁਤ ਸਪੱਸ਼ਟ ਸਮਾਧਾਨ ਹੈ- ਗੁਰਮਤਿ ਅਨੁਸਾਰ ਜਾਤ, ਨਸਲ, ਧਰਮ, ਉਮਰ ਅਤੇ ਪਰਿਵਾਰਕ ਬੰਧਨਾਂ ਨੂੰ ਤੋੜ ਕੇ, ਗੁਣਾਂ ਨੂੰ ਅਤੇ ਯੋਗਤਾ ਨੂੰ ਪਹਿਲ ਦਿੱਤੀ ਜਾਂਦੀ ਹੈ। 'ਤਖਤ ਬਹੈ ਤਖਤੈ ਕੀ ਲਾਇਕ' ਗੁਰਮਤਿ ਦਾ ਮੁੱਢਲਾ ਵਿਧਾਨ ਹੈ।

ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਦੀ ਜਗ੍ਹਾ ਆਪਣੇ ਇੱਕ ਸੇਵਕ ਲਹਿਣਾ ਜੀ ਨੂੰ ਯੋਗ ਅਧਿਕਾਰੀ ਜਾਣ ਕੇ ਆਪਣਾ ਹੀ ਅੰਗ, ਅੰਗਦ ਆਖ ਕੇ, ਆਪਣੀ ਜਗ੍ਹਾ ਥਾਪਿਆ ਅਤੇ ਅਬਿਚਲ-ਅਟੱਲ ਇਲਾਹੀ ਤਖ਼ਤ ਦੀ ਸਥਾਪਨਾ ਕੀਤੀ। ਇੱਕ ਪਾਸੇ ਸਾਹਿਬ ਸਤਿਗੁਰੂ ਨਾਨਕ ਦੇਵ ਦੇ ਅਰੰਭ ਕੀਤੇ ਰਾਜ-ਜੋਗ ਦੀ ਗੁਰ ਪੀੜ੍ਹੀ ਹੈ ਜਿਸ ਦੀ ਚੋਣ ਸੇਵਾ, ਸਿਮਰਨ, ਸਮਰਪਣ ਅਤੇ ਕੁਰਬਾਨੀ ਦੀ ਕਸਵੱਟੀ ਤੇ ਹੁੰਦੀ ਹੈ। ਗੁਰੂ ਨਾਨਕ ਦਾ ਹਥਿਆਰ ਸੀ ਰਬਾਬ, ਸੰਦੇਸ਼ ਸੀ ਇਲਾਹੀ ਬਾਣੀ ਅਤੇ ਸ਼ਕਤੀ ਸੀ ਨਾਮ ਅਤੇ ਨਿਮਰਤਾ ਦੀ ਜਿਨ੍ਹਾਂ ਸਦਕਾ ਗੁਰੂ ਸਾਹਿਬ ਦਾ ਦਿਲਾਂ ਤੇ ਰਾਜ ਸੀ,

ਅੱਜ ਤੱਕ ਵੀ ਉਸੇ ਤਰ੍ਹਾਂ ਕਾਇਮ ਹੈ ਅਤੇ ਸਦਾ ਵਾਸਤੇ ਰਹੇਗਾ। ਅਜਿਹਾ ਰਾਜ ਜਿਸ ਦੀਆਂ ਧਰਤੀ ਤੇ ਕੋਈ ਸੀਮਾਵਾਂ ਨਹੀਂ, ਜੋ ਰੰਗ, ਨਸਲ, ਦੇਸ਼, ਕੌਮ ਅਤੇ ਧਰਮ ਦੇ ਬੰਧਨਾ ਤੋਂ ਮੁਕਤ ਹੈ। ਇਸੇ ਕਾਰਨ ਗੁਰੂ ਨਾਨਕ ਦੇਵ ਜੀ- ਹਿੰਦੂਓਂ ਕੇ ਗੁਰੂ, ਮੁਸਲਮਾਨੋਂ ਕੇ ਪੀਰ' ਕਹਿ ਕੇ ਸਤਿਕਾਰੇ ਗਏ।

ਦੂਸਰੇ ਪਾਸੇ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਹੈ- ਮੁਗਲ ਬਾਦਸ਼ਾਹ ਬਾਬਰ, ਜਿਸਦੇ ਰਾਜ ਦਾ ਆਧਾਰ ਵੰਸ਼ਵਾਦ ਸੀ, ਪਰਿਵਾਰਵਾਦ ਸੀ। ਬਾਬਰ ਪਾਸ ਜ਼ੁਲਮ ਦੀ ਤਲਵਾਰ ਸੀ, ਰਾਜ-ਭਾਗ, ਧਨ-ਦੌਲਤ ਅਤੇ ਫੌਜ ਦਾ ਹੰਕਾਰ ਸੀ। ਤਖ਼ਤ ਦੇ ਵਾਰਸ ਦੀ ਚੋਣ ਦਾ ਆਧਾਰ ਯੋਗਤਾ ਜਾਂ ਵਿਸ਼ੇਸ਼ ਗੁਣ ਨਾ ਹੋ ਕੇ ਪਰਿਵਾਰਵਾਦ ਸੀ। ਪਰਿਵਾਰਵਾਦ ਵਿੱਚ ਵੀ ਵਿਅਕਤੀ ਲੋਭੀ ਅਤੇ ਸਵਾਰਥੀ ਹੋ ਕੇ ਇਨ੍ਹਾਂ ਸੰਕੀਰਨ ਹੋ ਜਾਂਦਾ ਹੈ ਕਿ ਜਿਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਜਿਹੇ ਮਨੁੱਖਾਂ ਬਾਰੇ ਆਪਣੇ ਪ੍ਰਵਚਨਾਂ ਵਿਚ ਫ਼ਰਮਾਉਂਦੇ ਹਨ- 'ਇਹ ਜੀਅ ਕਰਦਾ ਹੈ ਕਿ ਮੈਂ ਤੇ ਮੇਰਾ ਪੁੱਤ ਹੀ ਰਹੀਏ, ਮੇਰੇ ਭਰਾ ਵੀ ਮਰ ਜਾਣ।' ਬਾਬਰਕਿਆਂ ਵਿੱਚ ਭਰਾਵਾਂ ਨੂੰ ਮਾਰ ਕੇ, ਪਿਤਾ ਨੂੰ ਕੈਦ ਕਰਕੇ, ਤਲਵਾਰ ਦੇ ਜ਼ੋਰ ਨਾਲ ਤਖਤ ਤੇ ਕਾਬਜ਼ ਹੁੰਦੇ ਰਹੇ। ਇਤਿਹਾਸ ਗਵਾਹ ਹੈ ਕਿ ਤਲਵਾਰ ਦੇ ਜ਼ੋਰ ਨਾਲ ਕਾਇਮ ਹੋਈਆਂ ਬਾਦਸ਼ਾਹੀਆਂ ਤਲਵਾਰ ਨਾਲ ਹੀ ਦਫ਼ਨ ਹੋਈਆਂ। ਪਰਿਵਾਰਵਾਦ ਅਰਥਾਤ ਨੈਪੋਟਿਜ਼ਮ ਦੀ ਸੋਚ ਲੋਭੀ, ਸਵਾਰਥੀ ਅਤੇ ਸੰਕੀਰਨ ਹੋਣ ਕਰਕੇ ਕਲਿਆਣਕਾਰੀ ਨਹੀਂ ਹੋ ਸਕਦੀ। ਸ਼ੁਭ ਉਦੇਸ਼ ਵਾਸਤੇ ਯੋਗ ਚੋਣ ਹੀ ਸਮਾਜ ਕਲਿਆਣ ਦਾ ਮਾਧਿਅਮ ਹੋ ਸਕਦੀ ਹੈ। ਜਿਵੇਂ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਪ੍ਰਵਚਨਾਂ ਵਿਚ ਫ਼ਰਮਾਉਂਦੇ ਹਨ ਕਿ ਮਾਇਆਧਾਰੀ ਉਹ ਨਹੀਂ ਜਿਸ ਪਾਸ ਪੈਸਾ ਹੈ, ਮਾਇਆਧਾਰੀ ਉਹ ਹੈ ਜਿਸਨੇ ਆਧਾਰ ਮਾਇਆ ਨੂੰ ਰੱਖਿਆ ਹੈ। ਭਾਵ ਕਿ ਜਿਸ ਮਨੁੱਖ ਪਾਸ ਕਰੋੜਾਂ ਰੁਪਏ ਵੀ ਹੋਣ ਪਰ ਉਸਨੂੰ ਮਾਇਆ ਨਾਲ ਮੋਹ ਨਾ ਹੋਵੇ, ਜੋ ਸੱਪ ਦੇ ਕੁੰਜ ਤਿਆਗਣ ਵਾਂਗ ਰਾਜ-ਭਾਗ, ਧਨ ਦੌਲਤ ਬੜੇ ਸਹਿਜ ਨਾਲ ਤਿਆਗ ਸਕਦਾ ਹੈ ਉਹ ਮਾਇਆਧਾਰੀ ਨਹੀਂ। ਇਸੇ ਤਰ੍ਹਾਂ ਜੇ ਸੋਚ ਸੰਕੀਰਨ ਨਾ ਹੋਵੇ, ਚੋਣ ਦਾ ਆਧਾਰ ਯੋਗਤਾ ਹੋਵੇ ਫੇਰ ਬੇਸ਼ੱਕ ਪਰਿਵਾਰ ਵਿੱਚੋਂ ਵੀ ਹੋਵੇ ਤਾਂ ਉਸ ਨੂੰ ਨੈਪੋਟਿਜ਼ਮ ਨਹੀਂ ਕਹਿ ਸਕਦੇ। ਇਹ ਵੀ ਨਹੀਂ ਕਿ ਵਾਰਸ ਵੱਡਾ ਪੁੱਤਰ ਹੀ ਹੋਵੇਗਾ। ਗੁਰੂ ਰਾਮਦਾਸ ਜੀ ਨੇ ਆਪਣੇ ਸਭ ਤੋਂ ਛੋਟੇ ਸਾਹਿਬਜ਼ਾਦੇ ਨੂੰ ਯੋਗ ਜਾਣਿਆ। ਇਸੇ ਤਰ੍ਹਾਂ ਗੁਰੂ ਹਰਿ ਰਾਏ ਜੀ ਨੇ ਵੱਡੇ ਸਾਹਿਬਜ਼ਾਦੇ ਰਾਮ ਰਾਇ ਦੀ ਜਗ੍ਹਾ ਛੋਟੇ ਸਾਹਿਬਜ਼ਾਦੇ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਬਖਸ਼ੀ। ਦਸਮ ਪਾਤਸ਼ਾਹ ਨੇ ਆਪਣੇ ਚਾਰੇ ਸਾਹਿਬਜ਼ਾਦੇ ਦੇਸ਼ ਕੌਮ ਅਤੇ ਧਰਮ ਤੋਂ ਕੁਰਬਾਨ ਕਰਕੇ ਕੇਡੀ ਅਪਣੱਤ ਨਾਲ ਸਮੁੱਚੇ ਖ਼ਾਲਸੇ ਨੂੰ ਆਪਣਾ ਪੁੱਤਰ ਆਖ ਕੇ ਨਿਵਾਜਿਆ-

ਇਨ ਪੁੱਤਰਨ ਕੈ ਸੀਸ ਪੈ, ਵਾਰ ਦੀਏ ਸੁੱਤ ਚਾਰ॥
ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ॥

ਜਾਤ-ਵਰਨ ਦੇ ਬੰਧਨ ਤੋੜ ਕੇ ਸਮੁੱਚਾ ਖਾਲਸਾ ਪੰਥ ਇੱਕ ਲੜੀ ਵਿੱਚ ਪਰੋਅ ਦਿੱਤਾ ਗਿਆ। ਪੰਥ ਦੀ ਇੱਕ ਜੁੱਟਤਾ ਦਾ ਆਧਾਰ ਸੀ ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਦੇਵਾਂ, ਖਾਲਸੇ ਦੀ ਜਾਤ ਪਾਤ ਕੋਈ ਨਹੀਂ।

ਹਜ਼ਰੋਂ ਵਿਖੇ ਗੁਰੂ ਬਾਲਕ ਸਿੰਘ ਜੀ ਦੇ ਸਿੱਖਾਂ-ਸੇਵਕਾਂ ਵਿੱਚ ਉੱਚ-ਆਤਮਕ ਅਵਸਥਾ ਵਾਲੇ, ਬ੍ਰਹਮ ਗਿਆਨੀ ਸਾਧੂ ਵੀ ਸਨ ਪਰ ਆਪ ਨੇ ਗੁਰੂ ਨਾਨਕ ਦੀ ਰਾਜਯੋਗ ਗੱਦੀ ਦੇ ਯੋਗ ਅਧਿਕਾਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਾਣਕੇ ਗੁਰਤਾ ਦੀ ਦਾਤ ਬਖਸ਼ੀ। ਜਦੋਂ ਸਤਿਗੁਰੂ ਰਾਮ ਸਿੰਘ ਜੀ ਆਪਣੇ ਫੌਜੀ ਸਾਥੀਆਂ ਨਾਲ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਗਏ ਤਾਂ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ-

ਪੇਖ ਅਧਿਕਾਰੀ, ਈਸ਼-ਅੰਸ਼ ਅਵਤਾਰੀ, ਤਬਿ ਬਾਲਕ ਮ੍ਰਿਗਾਰੀ, ਦੀਓ ਨਾਮ ਮੁਦ ਥਾਇ ਕੈ॥

ਇਸੇ ਘਟਨਾ ਬਾਰੇ ਸੰਤ ਧਿਆਨ ਸਿੰਘ ਜੀ ਕਾਦਰਾਬਾਦੀ ਸਤਿਗੁਰੂ ਬਲਾਸ ਵਿੱਚ ਲਿਖਦੇ ਹਨ-

ਗੁਰੂ ਗੋਬਿੰਦ ਸਿੰਘ ਜੀ ਕੀ ਨੀਤੀ॥ ਵੁਹ ਸੰਭਾਲਹੁ ਤੁਮ ਸ਼ੁਭ ਰੀਤੀ॥
ਤਾਂ ਤੇ ਤੁਮਰੀ ਆਹਿ ਅਮਾਨ॥ ਤੁਝ ਕੋ ਦੇਵੋ ਚਤੁਰ ਸੁਜਾਨ॥
ਪੈਸੇ ਪਾਂਚ ਨਰੇਲ ਟਿਕਾਇ॥ ਗੁਰਤਾ ਸੌਂਪੀ ਤਿਲਕ ਲਗਾਇ॥
ਖੁਸ਼ੀ ਹੋਇ ਬਹੁ ਕਰਾ ਬਖਾਨ॥ ਹੋਇ ਨ ਹੋਇਓ ਤੋਹਿ ਸਮਾਨ॥
ਕਲਿਜੁਗ ਮੈ ਸਤਿਜੁਗ ਕੇ ਕਾਰਨ॥ ਸਤ੍ਰ ਮਿਤ੍ਰ ਆਏ ਤੁਮ ਤਾਰਨ॥
ਅਬ ਭੈਣੀ ਸਾਹਿਬ ਕੋ ਜਾਵੋ॥ ਛੋੜ ਨੌਕਰੀ ਦੇਗ ਚਲਾਵੋ॥

ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਗਵਨ ਉਪਰੰਤ ਰੰਗੂਨ ਤੋਂ ਹੁਕਮਨਾਮਾ ਭੇਜ ਕੇ ਆਪਣੇ ਛੋਟੇ ਭਰਾ ਬੁੱਧ ਸਿੰਘ ਜੀ ਦਾ ਨਾਮ ਹਰੀ ਸਿੰਘ ਰੱਖ ਕੇ ਸੰਗਤਾਂ ਨੂੰ ਆਦੇਸ਼ ਕੀਤਾ- 'ਇਸ ਦਾ ਨਾਮ ਅੱਜ ਤੋਂ ਹਰੀ ਸਿੰਘ ਹੋਇਆ। ਇਹ ਸਿੱਖੀ ਨੂੰ ਹਰੀ ਰੱਖੇਗਾ। ਇਸ ਨੂੰ ਸਿਰ ਕਰਤਾ ਜਾਨਣਾ।' ਇਹ ਸਤਿਗੁਰੂ ਰਾਮ ਸਿੰਘ ਜੀ ਦੀ ਯੋਗ ਅਧਿਕਾਰੀ ਦੀ ਚੋਣ ਹੀ ਸੀ ਕਿ ਸਤਿਗੁਰੂ

ਹਰੀ ਸਿੰਘ ਜੀ ਨੇ ਬਰਤਾਨਵੀ ਹਕੂਮਤ ਦੇ ਦਮਨ ਚੱਕਰ ਦੌਰਾਨ ਨਾਮ-ਬਾਣੀ ਦਾ ਪ੍ਰਵਾਹ ਜਾਰੀ ਰੱਖਿਆ ਅਤੇ ਅਜ਼ਾਦੀ ਦੀ ਜੋਤ ਨੂੰ ਜਗਦੀ ਰੱਖਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਤਾ ਕਾਲ ਦੇ ਆਖਰੀ ਵਰ੍ਹਿਆਂ ਵਿੱਚ ਨਾਮਧਾਰੀ ਪੰਥ ਕਈ ਤਰ੍ਹਾਂ ਦੇ ਸੰਗੀਨ ਸੰਕਟਾਂ ਚੋਂ ਗੁਜ਼ਰ ਰਿਹਾ ਸੀ। ਸਰਦਾਰ ਕੇਹਰ ਸਿੰਘ ਮਾਨ ਦੇ ਚਿੰਤਾ ਵਿਅਕਤ ਕਰਨ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ ਸੀ: 'ਮੈਨੂੰ ਕੋਈ ਚਿੰਤਾ ਨਹੀਂ, ਵੱਡਾ ਕਾਕਾ ਪੰਥ ਦੀ ਸੰਭਾਲ ਜੋਗ ਸਮਰੱਥ ਹੈ। ਸੰਨ 1959 ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਪੰਥ ਦੀ ਵਾਗ ਡੋਰ ਸੰਭਾਲਨ ਉਪਰੰਤ ਦੋ ਕੁ ਵਰ੍ਹਿਆਂ ਵਿੱਚ ਹੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦ੍ਰਿੜ੍ਹਤਾ, ਧੀਰਜ ਅਤੇ ਸੂਝ-ਬੂਝ ਨਾਲ ਸਾਰੀਆਂ ਉਲਝਣਾਂ ਨੂੰ ਸੁਲਝਾ ਲਿਆ ਅਤੇ ਨਾਮ-ਬਾਣੀ ਦੇ ਪ੍ਰਵਾਹ ਦੇ ਨਾਲ-ਨਾਲ ਵਿਕਾਸ ਕਾਰਜ ਅਰੰਭ ਦਿੱਤੇ।

ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਬਚਨ ਕਰਿਆ ਕਰਦੇ ਸਨ ਕਿ ਐਹ ਪੰਜ ਸੱਤ ਜੀਅ ਹੀ ਮੇਰਾ ਪਰਿਵਾਰ ਨਹੀਂ। ਸਾਰਾ ਪੰਥ ਮੇਰਾ ਪਰਿਵਾਰ ਹੈ। ਸ੍ਰੀ ਉਦੇ ਸਿੰਘ ਜੀ ਨੇ ਕਦੇ ਵੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਆਪਣਾ ਪਰਿਵਾਰਿਕ ਸੰਬੰਧ ਨਹੀਂ ਸੀ ਸਮਝਿਆ। ਆਪਣੇ ਆਪ ਨੂੰ ਹਮੇਸ਼ਾਂ ਸਤਿਗੁਰੂ ਸੱਚੇ ਪਾਤਸ਼ਾਹ ਦਾ ਸੇਵਕ ਜਾਣਿਆ। ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਆਪ ਜੀ ਦੀ ਰਜ਼ਾ ਅਨੁਸਾਰ ਸਤਿਗੁਰੂ ਉਦੇ ਸਿੰਘ ਜੀ ਨੇ ਪੰਥ ਦੀ ਵਾਗ ਡੋਰ ਸੰਭਾਲੀ। ਆਪ ਜੀ ਵੀ ਪਰਿਵਾਰਕ ਬੰਧਨਾਂ ਤੋਂ ਮੁਕਤ ਹਨ ਅਤੇ ਸਮੁੱਚੇ ਪੰਥ ਨੂੰ ਆਪਣਾ ਪਰਿਵਾਰ ਸਮਝਦੇ ਹਨ। ਦ੍ਰਿੜ ਸੰਕਲਪ ਅਤੇ ਕਠਿਨ ਸਾਧਨਾ ਨਾਲ ਕਰਮ ਯੋਗੀ ਪੁਰਸ਼ ਨੈਪੋਟਿਜ਼ਮ ਦੀਆਂ ਹੱਦਾਂ-ਬੰਨੇ ਤੋੜ ਆਪਣੀ ਥਾਂ ਸੁਰੱਖਿਅਤ ਕਰ ਲੈਂਦੇ ਹਨ। ਇਕਲਵਯ ਅਤੇ ਮਹਾਂਬਲੀ ਕਰਣ, ਇਸ ਦੇ ਅਕੱਟ ਪ੍ਰਮਾਣ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਯੋਗ ਅਗਵਾਈ ਹੇਠ ਨਾਮਧਾਰੀ ਨੌਜੁਆਨਾਂ ਨੇ ਸਖ਼ਤ ਮਿਹਨਤ ਕਰਕੇ ਕਈ ਖੇਤਰਾਂ ਵਿੱਚ ਬੁਲੰਦੀਆਂ ਨੂੰ ਛੂਹਿਆ ਹੈ। ਜਿਨ੍ਹਾਂ ਦੇ ਕਿਤੇ ਖਾਨਦਾਨ ਵਿੱਚ ਵੀ ਸੰਗੀਤ ਨਹੀਂ ਸੀ, ਸਤਿਗੁਰੂ ਜੀ ਦੀ ਸੁਯੋਗ ਰਹਿਨੁਮਾਈ ਹੇਠ ਉਹ ਨੌਜੁਆਨ ਉੱਚ-ਕੋਟੀ ਦੇ ਸੰਗੀਤਕਾਰ ਵਜੋਂ ਸਥਾਪਿਤ ਹੋਏ ਹਨ।


ਭਾਈ ਭਤੀਜਾਵਾਦ ਅਰਥਾਤ ਨੈਪੋਟਿਜ਼ਮ ਤੋਂ ਨਿਰਲੇਪ ਰਹਿਣ ਲਈ ਸਾਡੇ ਸ਼ਾਨਾਮੱਤੇ ਅਤੀਤ ਦੀ ਇੱਕ ਪ੍ਰਸਿੱਧ ਘਟਨਾ ਹੈ। ਕਥਾ ਇਸ ਤਰ੍ਹਾਂ ਹੈ-

ਪੁਰੂਵੰਸ਼ੀ ਰਾਜਾ ਦੁਸ਼ਯੰਤ ਅਤੇ ਸ਼ਕੁੰਤਲਾ ਦਾ ਪੁੱਤਰ ਭਰਤ ਜਦੋਂ ਚੁਫੇਰੇ ਨੂੰ ਜਿੱਤ ਕੇ ਚੱਕਰਵਰਤੀ ਰਾਜਾ ਬਣ ਗਿਆ ਤਾਂ ਆਪਣੇ ਪੰਜਾਂ ਪੁੱਤਰਾਂ ਚੋਂ ਯੁਵਰਾਜ ਥਾਪਣ ਅਤੇ ਵਿਸ਼ਾਲ ਰਾਜ ਭਾਗ ਨੂੰ ਸੰਭਾਲਨ ਵਾਲਾ ਯੋਗ ਉਤਰਾਧਿਕਾਰੀ ਚੁਣਣ ਬਾਰੇ ਵਿਚਾਰਨ ਲੱਗਾ। ਉਹ ਬੜੀ ਦੁਬਿਧਾ ਵਿੱਚ ਸੀ ਕਿ ਪੰਜਾਂ ਪੁੱਤਰਾਂ ਚੋਂ ਕਿਸ ਨੂੰ ਯੁਵਰਾਜ ਘੋਸ਼ਿਤ ਕਰੇ। ਉਨ੍ਹਾਂ ਦਿਨਾਂ ਵਿੱਚ ਸਮਾਜ ਵਿੱਚ ਧਰਮ ਪ੍ਰਧਾਨ ਸੀ ਅਤੇ ਰਾਜੇ ਤੋਂ ਵੀ ਉੱਪਰ ਰਾਜਗੁਰੂ ਹੋਇਆ ਕਰਦਾ ਸੀ। ਰਾਜਗੁਰੂ ਕੋਈ ਗਿਆਨਵਾਨ, ਵਿਰਕਤ ਰਿਸ਼ੀ ਮੁਨੀ ਹੋਇਆ ਕਰਦੇ ਸਨ। ਰਾਜਾ ਭਰਤ ਆਪਣੀ ਦੁਬਿਧਾ ਦੇ ਸਮਾਧਾਨ ਲਈ ਆਪਣੇ ਰਾਜ ਗੁਰੂ ਪਾਸ ਗਿਆ ਅਤੇ ਬੇਨਤੀ ਕੀਤੀ ਕਿ ਮੇਰਾ ਮਾਰਗ ਦਰਸ਼ਨ ਕਰੋ। ਮੈਂ ਪੰਜਾਂ ਪੁੱਤਰਾਂ ਚੋਂ ਯੁਵਰਾਜ ਕਿਸ ਨੂੰ ਬਣਾਵਾਂ। ਮਹਾਤਮਾ ਨੇ ਆਖਿਆ: 'ਰਾਜਨ ਮੈਂ ਹੈਰਾਨ ਹਾਂ ਕਿ ਜਿਸ ਭਰਤ ਨੇ ਸਾਰਾ ਸੰਸਾਰ ਜਿੱਤ ਲਿਆ ਹੈ ਉਹ ਆਪਣੇ ਆਪ ਨੂੰ ਜਿੱਤ ਹੀ ਨਹੀਂ ਸਕਿਆ। ਰਾਜੇ ਦਾ ਸਭ ਤੋਂ ਵੱਡਾ ਫ਼ਰਜ਼ ਹੁੰਦਾ ਹੈ ਆਪਣੇ ਦੇਸ਼ ਨੂੰ, ਆਪਣੀ ਪਰਜਾ ਨੂੰ ਯੋਗ ਉੱਤਰਾਧਿਕਾਰੀ ਦੇਵੇ। ਇੱਕ ਵੱਡੇ ਪਰਿਵਾਰ ਦੇ ਪਿਤਾ-ਪਿਤਾਮਾ ਵਾਂਗ ਸਾਰੀ ਪਰਜਾ ਰਾਜੇ ਦੀ ਸੰਤਾਨ ਵਾਂਗ ਹੁੰਦੀ ਹੈ। ਤੇਰੇ ਸਿਰਫ਼ ਪੰਜ ਪੁੱਤਰ ਨਹੀਂ, ਸਾਰੀ ਪਰਜਾ ਤੇਰੀ ਪੁੱਤਰ ਹੈ। ਇਨ੍ਹਾਂ ਚੋਂ ਜੋ ਵੀ ਯੋਗ ਹੈ, ਜਿਸ ਦੇ ਹੱਥਾਂ ਵਿੱਚ ਦੇਸ਼ ਦਾ ਭਵਿੱਖ ਸੁਰੱਖਿਅਤ ਹੋਵੇ, ਉਸ ਨੂੰ ਯੁਵਰਾਜ ਬਣਾਓ। ਸਿਰਫ ਰਾਜੇ ਦੇ ਘਰ ਜਨਮ ਲੈਣ ਨਾਲ ਹੀ ਕੋਈ ਰਾਜਾ ਬਣਾਨ ਦੇ ਯੋਗ ਨਹੀਂ ਹੋ ਜਾਂਦਾ। ਰਾਜਾ ਭਰਤ ਨੇ ਗੁਰੂ ਗਿਆਨ ਦੀ ਰੋਸ਼ਨੀ ਵਿੱਚ ਲੋਭ, ਮੋਹ ਅਤੇ ਨਿੱਜ ਤੋਂ ਉੱਪਰ ਉੱਠ ਕੇ ਯੋਗ ਅਧਿਕਾਰੀ ਦੀ ਤਲਾਸ਼ ਸ਼ੁਰੂ ਕੀਤੀ। ਉਸ ਨੂੰ ਆਪਣੇ ਪੰਜਾਂ ਪੁੱਤਰਾਂ ਚੋਂ ਕੋਈ ਵੀ ਰਾਜਾ ਬਣਨ ਲਈ ਯੋਗ ਨਾ ਜਾਪਿਆ ਤਾਂ ਰਾਜੇ ਭਰਤ ਨੇ ਬ੍ਰਹਿਸਪਤੀ ਦੇ ਪੁੱਤਰ ਵਿਰਤ ਨੂੰ ਆਪਣਾ ਉੱਤਰਾਧਿਕਾਰੀ ਥਾਪਿਆ। ਜੋ ਕਿ ਭਵਿੱਖ ਵਿੱਚ ਮਹਾਨ ਰਾਜਾ ਸਾਬਿਤ ਹੋਏ। ਭਰਤ ਇੱਕ ਸੂਰਬੀਰ, ਨਿਆਂਸ਼ੀਲ ਪਰਜਾ ਪਾਲਕ ਰਾਜਾ ਹੋਣ ਦੇ ਨਾਲ-ਨਾਲ ਨਿੱਜ ਤੋਂ ਉੱਪਰ ਉੱਠ ਕੇ ਵਿਵੇਕਸ਼ੀਲ ਫੈਸਲੇ ਲੈਣ ਵਾਲਾ ਮਹਾਰਾਜਾ ਸੀ। ਇਸੇ ਕਾਰਨ ਸਾਡੇ ਦੇਸ਼ ਦਾ ਨਾਮ ਉਸ ਭਰਤ ਰਾਜਾ ਦੇ ਨਾਮ ਤੇ ਭਾਰਤ ਵਰਸ਼ ਪ੍ਰਸਿੱਧ ਹੋਇਆ।

ਸਮੁੱਚੀ ਮਾਨਵਤਾ ਦਾ ਕਲਿਆਣ ਨੈਪੋਟਿਜ਼ਮ ਦੀ ਸੰਕੀਰਨਤਾ ਤੋਂ ਮੁਕਤ ਹੋ ਕੇ ਗੁਰਮਤਿ ਦੀ ਰੌਸ਼ਨੀ ਵਿੱਚ ਗੁਣਾਂ ਦੀ ਸਾਂਝ ਅਤੇ ਸਰਬੱਤ ਦੇ ਭਲੇ ਦੇ ਸੰਕਲਪ ਨਾਲ ਹੀ ਹੋ ਸੱਕਦਾ ਹੈ।


ਹਰਪਾਲ ਸਿੰਘ ਸੇਵਕ, 94176-01321

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਸਿਆਮ ਸਿੰਘ ਜੀ ਮੈ ਏਸ ਬਾਤ ਤੇ ਹੈਰਾਨ ਥਾ ਏ ਸਿਖ ਸਾਧ ਵੈਰ ਭਾਉ ਕਿਉ ਰਖਦੇ ਹੈਨ ਸਾਡੇ ਸਾਥ? ਏਨਾ ਨੁ ਬੀ ਗੁਰੂ ਜੀ ਦਾ ਬਚਨ ਏਮੇ ਹੈ, ਹੁਣ ਸਮਝਾ ਹੈ ਅਛੀ ਤਰਾ। ਗਿਆਨੀ ਧਿਆਨੀ ਗੁਣੀ ਧਨਾਢ, ਨਾਮੁ ਜਪਤ ਘਰ ਘਰਮੈ ਆਢ। ਨਾਮ ਜਪਣ ਵਾਲਿਆ ਕੇ ਸਾਥ ਸਾਰੇ ਆਢਾ ਕਰਨਗੇ। ਧਨਾਢ ਰਾਜਿਆ ਨੂ ਕਹਾ ਹੈ। ਸੋਈ ਦੇਖ ਲੇਓ ਤੁਸੀ ਚੰਗੇ ਚੰਗੇ ਸਿਖਾ ਸਾਧਾ ਨੇ ਵੈਰ ਭਾਉ ਕੀਤਾ। ਏ ਲੋਕ ਮੈਨੂ ਹੀ ਆਧੇ ਹੈ ਕੁਛ ਏਨੇ ਕਰ ਲਿਆ ਹੈ। ਗੁਰੂ ਬਲ ਨਿਗਾ ਨਹੀ ਏਨਾ ਲੋਕਾ ਦੀ। ਗੁਰੂ ਜੀ ਦਾ ਹੁਕਮ ਏਮੇ ਈ ਥਾ। ਸਭ ਨੇ ਆਢਾ ਕੀਤਾ ਏਸ ਪੰਥ ਨਾਲ। ਇਹ ਜਿਤਨੀ ਕਾਰੁ ਹੈ ਸੋ ਸਾਹਿਬ ਦਸਮੇ ਪਾਤਸਾਹਿ ਕੀ ਹੈ, ਤੁਸੀ ਸਤਿ ਕਰਕੇ ਮੰਨਣਾ।

# ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਬਿਸਰਿ ਗਈ ਸਭਿ ਤਾਤਿ ਪਰਾਈ,<br>
ਜਬ ਤੇ ਸਾਧਸੰਗਤਿ ਮੋਹਿ ਪਾਈ।

ਇਹ ਹਿੰਦੂ, ਸਿੱਖ, ਮੁਸਲਮਾਨ, ਈਸਾਈ, ਅਕਾਲੀ, ਨਾਮਧਾਰੀ ਆਦਿ ਕਿਸੇ ਇਕ ਧਰਮ, ਸੰਪਰਦਾਇ ਬਾਰੇ ਨਹੀਂ ਲਿਖਿਆ–

ਪ੍ਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥

ਸਾਧ ਸੰਗਤਿ ਪਾ ਕੇ ਤਾਤਿ ਪਰਾਈ ਵਿਸਰ ਜਾਂਦੀ ਹੈ ਤੇ ਇਹ ਸਮਝ ਲਉ ਕਿ ਜਦੋਂ ਤਾਤਿ ਵਿਸਰ ਗਈ, ਕਿਸੇ ਨਾਲੋਂ ਈਰਖਾ ਸੜਨ ਹਟ ਗਈ ਤਾਂ ਮੈਂ ਸਾਧ ਸੰਗਤ ਪਾ ਲਈ ਹੈ, ਜਿਨ੍ਹਾਂ ਚਿਰ ਤਾਤ ਪਰਾਈ ਨਹੀਂ ਵਿਸਰੀ, ਜਿਨਾਂ ਮਰਜ਼ੀ ਜਪ-ਤਪ ਕਰੀਏ, ਇਹ ਨਿਸ਼ਾਨੀ ਹੈ ਕਿ ਸਾਧ ਸੰਗਤ ਅਜੇ ਨਹੀਂ ਅਸੀਂ ਪਾਈ। ਇਹ ਵੀ ਸਤਿਗੁਰਾਂ ਨੇ ਲਿਖਿਆ ਹੈ ਬਾਣੀ ਵਿੱਚ–

ਜਿਸੁ ਅੰਦਰਿ ਤਾਤਿ ਪਰਾਈ ਹੋਵੈ,<br>
ਤਿਸਦਾ ਕਦੇ ਨਾ ਹੋਵਈ ਭਲਾ॥

ਇਹ ਤੁਸੀਂ ਆਪ ਵੇਖ ਲਉ ਕਿ ਜੇ ਤਾਂ ਆਪਣਾ ਭਲਾ ਚਾਹੁੰਦੇ ਹੋ ਤਾਂ ਈਰਖਾ ਛਡ ਦਿਉ ਸਭ ਨਾਲ।

# ਪ੍ਰਵਚਨ
# ਸ੍ਰੀ ਸਤਿਗੁਰੂ ਉਦੇ ਸਿੰਘ ਜੀ

9 ਜੁਲਾਈ 2020 ਸ੍ਰੀ ਭੈਣੀ ਸਾਹਿਬ



ਕੱਲ ਬਲਵੰਤ ਸਿੰਘ ਹੁਰਾਂ ਇੱਕ ਸ਼ਬਦ ਪੜ੍ਹਿਆ ਸੀ। ਬੜਾ ਚੰਗਾ ਲੱਗਾ, ਗੁਰਬਾਣੀ ਤਾਂ ਸਾਰੀ ਕਲਿਆਣਕਾਰੀ ਹੈ ਸਾਡੇ ਵਾਸਤੇ ਪਰ ਕਦੀ ਕਦੀ ਮਨ ਵਿੱਚ ਇਹ ਆਉਂਦਾ ਹੈ ਕਿ ਜੇ ਓਹ ਅਵਸਥਾ ਸਤਿਗੁਰੂ ਜੀ ਕਿਰਪਾ ਕਰ ਦੇਣ ਬਣ ਜਾਵੇ ਜੋ ਕਬੀਰ ਜੀ ਦਾ ਸ਼ਬਦ ਸੀ

"ਇਹੁ ਧਨੁ ਮੇਰੋ ਹਰਿ ਕੋ ਨਾਉ॥
ਗਾਂਠਿ ਨ ਬਾਧਉ ਬੇਚਿ ਨ ਖਾਉ ॥"

ਇਹ ਜਿਹੜਾ ਮੇਰਾ ਧਨ ਏ। ਮੇਰਾ ਧਨ ਕਿਹੜਾ। ਕਬੀਰ ਜੀ ਫੁਰਮਾਉਂਦੇ ਨੇ, ਮੇਰਾ ਧਨ ਹਰੀ ਦਾ ਨਾਮ ਹੈ, ਨਾ ਮੈਂ ਇਹਨੂੰ ਗੰਢ ਬੰਨ ਕੇ ਰੱਖਦਾ ਹਾਂ ਭਾਵ ਇਹ ਹੈ ਕਿ ਨਾ ਮੈਂ ਲੁਕੋ ਕੇ ਰੱਖਦਾ ਹਾਂ, ਸਗੋਂ ਖੁਲ੍ਹੇ ਦਿਲ ਵੰਡਦਾ ਹਾਂ। ਨਾ ਮੈਂ ਕਿਸੇ ਅਨਅਧਿਕਾਰੀ ਨੂੰ ਦੇਂਦਾ ਹਾਂ ਅਤੇ ਮੈਂ ਇਹਨੂੰ ਵੇਚ ਵੀ ਨਹੀਂ ਖਾਦਾਂ।

ਸੋ ਓਹਨਾ ਦਾ ਆਪਣਾ ਧਨ ਕੀ ਹੈ, ਨਾ ਕੋਈ ਆਪਣੀ ਖੇਤੀ, ਨਾ ਕੋਈ ਫਸਲ, ਨਾ ਕੋਈ ਆਪਣੀ ਦੁਕਾਨ ਹੈ। ਉਹਨਾ ਦਾ ਧਨ ਹਰੀ ਦਾ ਨਾਮ ਹੈ। ਏਸ ਕਰਕੇ ਉਹ ਸੰਤੁਸ਼ਟ ਨੇ। ਮੈਨੂੰ ਬੜੀ ਸੋਹਣੀ ਲਗੀ ਜਿਹੜੀ ਅਖੀਰਲੀ ਤੁਕ ਸੀ ਕਬੀਰ ਜੀ ਦੀ ਉਹਦੇ 'ਚ ਕਹਿੰਦੇ ਨੇ

ਮਾਇਆ ਮਹਿ ਜਿਸੁ ਰਖੈ ਉਦਾਸੁ ॥ ਕਹਿ ਕਬੀਰ ਹਉ ਤਾ ਕੋ ਦਾਸੁ ॥

ਕਬੀਰ ਜੀ ਕਹਿੰਦੇ ਨੇ ਮੈਂ ਉਹਦਾ ਦਾਸ ਹਾਂ, ਜਿਹਨੂੰ (ਪਰਮੇਸ਼ਰ) ਮਾਇਆ ਦੇ ਵਿੱਚ ਉਦਾਸ ਰੱਖਦਾ ਹੈ। ਜਿਹਨੂੰ ਮਾਇਆ ਦੇ ਵਿੱਚ ਹੁੰਦਿਆਂ ਹੋਇਆਂ ਵੀ ਮਾਇਆ ਨਾਲ ਮੋਹ ਨਹੀਂ। ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਹੁਕਮ ਕਰਦੇ ਸੀ ਮਾਇਆ ਆਈ ਦੀ ਕੋਈ ਬਹੁਤ ਖੁਸ਼ੀ ਨਹੀਂ ਅਤੇ ਮਾਇਆ ਗਈ ਦਾ ਕੋਈ ਦੁਖ ਨਹੀਂ। ਜਿਹੜਾ ਇੱਥੇ ਪਹੁੰਚ ਗਿਆ ਕਬੀਰ ਜੀ ਉਸ ਬਾਰੇ ਕਹਿੰਦੇ ਨੇ ਕਿ ਮੈਂ ਉਹਦਾ ਦਾਸ ਹਓ।

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ
## (ਅਣਛਪਿਆ-ਭਾਗ)

(ਪਿਛਲੇ ਅੰਕ ਤੋਂ ਅੱਗੇ)

ਹੰਸਪਾਲ ਸੁਆਗਤੀ ਸਮਾਰੋਹ –

ਨਾਮਧਾਰੀ ਵਿਦਿਅਕ ਜਥਾ ਦਿੱਲੀ ਦੇ ਮੁੰਤਜ਼ਿਨਾਂ ਜਿਸਦੇ ਪ੍ਰਧਾਨ ਸ. ਰਾਮ ਰਤਨ ਸਿੰਘ ਅਤੇ ਸਕੱਤਰ ਸ. ਭੁਪਿੰਦਰ ਸਿੰਘ ਭੁਰਜੀ ਹਨ, ਆਪਣੇ ਹੋਰ ਸਾਥੀਆਂ ਨਾਲ ਮਿਲ ਕੇ ਸ. ਹਰਵਿੰਦਰ ਸਿੰਘ ਹੰਸਪਾਲ ਜੀ ਦੇ ਦੂਜੀ ਵਾਰ ਰਾਜ ਸਭਾ ਦੇ ਮੈਂਬਰ ਚੁਣੇ ਜਾਣ ਤੇ ਇਕ ਸਮਾਰੋਹ ਕੀਤਾ। ਕਾਰਡ ਛਾਪ ਕੇ ਵੰਡੇ। ਢਾਈ ਸੌ ਵਿਅਕਤੀਆਂ ਦਾ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿੱਚ ਸੁਆਗਤੀ ਆਯੋਜਨ ਕੀਤਾ। ਇਕੱਠ 3 ਤੋਂ 6 ਵਜੇ ਤੱਕ ਰਿਹਾ।

ਸ੍ਰੀ ਹੰਸਪਾਲ ਜੀ ਨੇ ਲੰਮੇ ਸਮੇਂ ਦੀ ਤਕਰੀਰ ਵਿੱਚ ਚੋਣ ਦਾਸਤਾਨ ਸੁਣਾਈ ਤੇ ਦੱਸਿਆ ਕਿ ਸਾਡੀ ਕੋਈ ਸ਼ਕਤੀ ਜੇਤੂ ਨਹੀਂ ਹੋਈ, ਸਤਿਗੁਰੂ ਜੀ ਦੀ ਕਿਰਪਾ ਨੇ ਹੀ ਜਿਤਾਇਆ ਹੈ। ਸ. ਗੁਰਦਿਆਲ ਸਿੰਘ ਢਿੱਲੋਂ ਐਕਸ ਸਪੀਕਰ ਲੋਕ ਸਭਾ ਅਤੇ ਸ. ਬੂਟਾ ਸਿੰਘ ਮੌਜੂਦਾ ਗ੍ਰਹਿ ਮੰਤਰੀ ਭਾਰਤ ਨੇ ਪੈਣ ਵਾਲੀਆਂ ਵੋਟਾਂ ਦਾ ਹਿਸਾਬ ਕਿਤਾਬ ਲਾ ਕੇ ਕਿਹਾ ਸੀ 39 ਵੋਟਾਂ ਨਾਲ ਅਸੀਂ ਜਿੱਤਦੇ ਹਾਂ, ਪਰ ਸਾਡੀ ਤਾਕਤ ਤਾਂ ਕੇਵਲ 31 ਵੋਟਾਂ ਹਨ। ਹੁਣ ਤਾਂ ਸਤਿਗੁਰਾਂ ਨੂੰ ਹੀ ਅਰਦਾਸ ਕਰੋ ਜੇ ਕੋਈ ਕਰਾਮਾਤ ਵਖਾ ਦੇਣ। ਅਤੇ ਕਿਵੇਂ ਐਨ ਵੇਲੇ ਸਿਰ ਵੋਟ ਸ਼ਕਤੀ ਨੇ ਸਾਡੀ ਜੇਤੂ ਪੋਜੀਸ਼ਨ ਕੀਤੀ ਇਹ ਤਾਂ ਸਤਿਗੁਰਾਂ ਦੀ ਵਿਸ਼ੇਸ਼ ਕਿਰਪਾ ਸਕਦਾ ਹੀ ਸੀ। ਉਨ੍ਹਾਂ ਆਪਣੀ ਕਾਰਗੁਜ਼ਾਰੀ ਤੇ ਚਾਨਣਾ ਪਾਇਆ।

ਸ. ਸੁਲੱਖਣ ਸਿੰਘ ਦੇ ਕਥਨ ਤੋਂ ਦੋ ਗੱਲਾਂ ਦਾ ਪਤਾ ਲੱਗਾ, ਪਹਿਲੀ ਕਿ ਸ. ਹੰਸਪਾਲ ਜੀ ਮਨਿਸਟਰੀ ਦੇ ਯੋਗ ਮਿਥੇ ਗਏ ਹਨ ਤੇ ਛੇਤੀ ਹੀ ਅਸੀਂ ਇਹਨਾਂ ਨੂੰ ਫਿਰ ਮੁਬਾਰਕਾਂ ਦਿਆਂਗੇ।

ਦੂਜੀ ਕਿ ਸ਼ਹੀਦ ਬਿਸ਼ਨ ਸਿੰਘ ਸਕੂਲ ਹਾਇਰ ਸੈਕੰਡਰੀ ਤਾਲੀਮ ਲਈ ਪਰਵਾਨ ਹੋ ਗਿਆ ਹੈ।

ਇਸ ਸਮਾਗਮ ਵਿੱਚ ਉਂ ਤਾਂ ਦਿੱਲੀ ਦੀਆਂ ਸਾਰੀਆਂ ਮਹਾਨ ਹਸਤੀਆਂ ਸਨ ਪਰ ਏਥੇ ਮੈਂ ਚੰਦ ਇਕ ਵਿਸ਼ੇਸ਼ ਨਾਂ ਦਿੰਦਾ ਹਾਂ-

1. ਸ੍ਰੀਮਾਨ ਸੰਤ ਬਲਬੀਰ ਸਿੰਘ ਨਿਰਮਲੇ ਡੇਰਾ ਸੰਤਪੁਰ
2. ਡਾ. ਅਮਰ ਭਾਰਤੀ ਹਰੀ ਨਗਰ
3. ਭਾਪਾ ਪ੍ਰੀਤਮ ਸਿੰਘ ਨਵਯੁਗ ਪ੍ਰੈਸ
4. ਸੇਠ ਹਰਮਹਿੰਦਰ ਸਿੰਘ ਬੈਂਕੋਕ ਸਮੇਤ ਸੁਪਤਨੀ ਬੀਬੀ ਬਲਬੀਰ ਕੌਰ
5. ਸ. ਫੌਜਾ ਸਿੰਘ ਮੈਂਬਰ ਗੁਰਦੁਆਰਾ ਕਮੇਟੀ ਦਿੱਲੀ

### ਬੀਬਾ ਜੀ ਘਰ ਬੀਬੀ –

ਰਾਤੀਂ 7.30 ਵਜੇ ਮੇਰੇ ਘਰ, ਮੇਰੀ ਪਤਨੀ ਗੁਰਬਚਨ ਕੌਰ ਅਚਾਨਕ ਬਾਹਰੋਂ ਤੇਜ਼ੀ ਨਾਲ ਅੰਦਰ ਆਈ। ਕਹਿਣ ਲੱਗੀ : ਪਤਾ ਲੱਗਾ ਜੇ ਬੀਬਾ ਜੀ ਦੇ ਘਰ ਪੁਤ੍ਰੀ ਨੇ ਜਨਮ ਲਿਆ ਹੈ ! ਮੈਂ ਪੁੱਛਿਆ : ਜਦੋਂ ਕੁ ਉਸਨੇ ਦੱਸਿਆ : ਬੀਤੇ ਹਫਤੇ ਦੀ ਗੱਲ ਹੀ ਜਾਪਦੀ ਹੈ। ਸੁਣ ਕੇ ਖੁਸ਼ੀ ਹੋਈ। ਸੋ ਬੀਬਾ ਜੀ ਦਾ ਜਣੇਪਾ ਪੇਕੇ ਘਰ ਸ੍ਰੀ ਭੈਣੀ ਸਾਹਿਬ ਹੀ ਹੋਇਆ। ਇਸ ਸੁਭਾਗੇ ਅਵਸਰ ਸਹਾਇਕ ਹੋਣ ਲਈ ਮਾਤਾ ਜੀ ਤਾਂ ਘਰ ਸਨ ਹੀ, ਬੇਬੇ ਦਲੀਪ ਕੌਰ ਜੀ ਵੀ ਵਿਸ਼ੇਸ਼ ਤੌਰ ਤੇ ਆਏ ਹੋਏ ਸਨ। ਸ੍ਰੀ ਸਤਿਗੁਰੂ ਜੀ ਨੂੰ ਇਕ ਦੁਹਤੀ ਵੀ ਪ੍ਰਾਪਤ ਹੋ ਗਈ।

ਲਾਂਗਰੀ ਸਤਨਾਮ ਸਿੰਘ ਤੋਂ ਪਿੱਛੋਂ ਜਾ ਕੇ ਪਤਾ ਲੱਗਾ ਕਿ ਸੰਤ ਜਗਤਾਰ ਸਿੰਘ ਜੀ ਦੀ ਪੁੱਤਰੀ ਨੇ 3.9.86 ਨੂੰ ਸ਼ਾਮੀ 5-6 ਵਜੇ ਦੇ ਦਰਮਿਆਨ ਜਨਮ ਲਿਆ ਹੈ ਇਸ ਨਾਲ ਬੀਬਾ ਜੀ ਦੋ ਬੱਚਿਆਂ ਦੀ ਮਾਂ ਬਣ ਗਏ।

9 ਸਤੰਬਰ 1986, ਮੰਗਲਵਾਰ
ਨਵੀਂ ਦਿੱਲੀ

### ਸੁਭਾਗਾ ਦਿਨ ਅਭਾਗੀ ਘਟਨਾ –

ਅੱਜ ਸ੍ਰੀ ਸਤਿਗੁਰੂ ਜੀ ਨੇ ਲਗਭਗ ਵਰ੍ਹੇ ਪਿੱਛੋਂ ਹੀ ਦਿੱਲੀ ਵਿਖੇ ਦਰਸ਼ਨ ਦੇਣੇ ਹਨ। ਆਪ ਜੀ ਦੀ ਆਮਦ

ਕਿਸੇ ਸਮੇਂ ਵੀ ਸੰਭਾਵਤ ਹੈ।

## ਸ੍ਰੀ ਸਤਿਗੁਰੂ ਜੀ ਦੇ ਦਰਸ਼ਨ–

ਮੈਂ ਅਤੇ ਹਰਭਜਨ ਸਿੰਘ, ਉਹਦੇ ਸਕੂਟਰ ਤੇ ਉਹਦੀ ਸਕੂਲ ਡਿਊਟੀ ਤੋਂ ਬਾਅਦ 1.30 ਤੇ ਪੂਸਾ ਰੋਡ ਕੋਠੀ ਪਹੁੰਚੇ। ਅੰਦਰ ਕਾਰਾਂ, ਮਾਰੂਤੀਆਂ ਨਾਲ ਭਰਿਆ ਪਿਆ ਸੀ। 50-60 ਨਰ ਨਾਰ ਦਰਸ਼ਨਾਂ ਦੀ ਇੱਛਾ ਨਾਲ ਏਧਰ ਓਧਰ ਬੈਠੇ ਜਾਂ ਫਿਰ ਰਹੇ ਸਨ। ਮੈਂ ਸਵਿੰਦਰ ਸਿੰਘ ਬੋਘਲ ਦੀ ਡਿਊਟੀ ਵਿੱਚ ਦੁਆਰ ਖੁਲਾ ਕੇ ਉਤਲੀ ਛੱਤੇ ਅੰਦਰ ਗਿਆ। ਪਤਾ ਲੱਗਾ ਸਤਿਗੁਰੂ ਜੀ ਟੱਬ ਬਾਥ ਕਰ ਰਹੇ ਹਨ।

## ਸਰਗਰਮੀਆਂ ਸ਼ੁਰੂ–

ਇੰਤਜ਼ਾਰ ਵਿੱਚ ਬੈਠਾ ਸਾਂ ਕਿ ਨਾਲ ਦੀ ਕੁਰਸੀ ਤੇ ਗੁਰੂ ਕਾ ਲਾਂਗਰੀ ਸੰਤ ਸਤਨਾਮ ਸਿੰਘ ਬੱਢਣਪੁਰ (ਕਰਨਾਲ) ਆ ਬੈਠਾ। ਉਸ ਤੋਂ ਸ੍ਰੀ ਸਤਿਗੁਰੂ ਜੀ ਦੀ ਪਿਛਲੇ ਕੁਝ ਦਿਨਾਂ ਦੀਆਂ ਸਰਗਰਮੀਆਂ ਦੀ ਜੋ ਜਾਣਕਾਰੀ ਮਿਲੀ ਕਿ ਦੀਨ ਦਿਆਲ ਜੀ ਨੇ ਜੁ ਆਪਣੇ ਆਪ ਨੂੰ ਆਪ ਹੀ ਸਮੇਂ ਦੀ ਪਕੜ ਵਿੱਚ ਕਰ ਰੱਖਿਆ ਸੀ, ਅਰਥਾਤ ਭੈਣੀ ਸਾਹਿਬ ਹੀ ਸਾਲ ਭਰ ਰਹਿਣ ਦਾ ਫੈਸਲਾ ਕਰ ਲਿਆ ਸੀ ਅਤੇ ਅਖੰਡ ਨਾਮ ਸਿਮਰਨ ਜੱਪ-ਪ੍ਰਯੋਗ ਆਰੰਭ ਕੀਤਾ, ਸਾਲ ਹੋਣ ਤੇ ਜਾਂ ਕੁਛ ਵੱਧ ਘੱਟ, ਸਤੰਬਰ ਦੇ ਮਹੀਨੇ ਉਸ ਪਾਬੰਦੀਓਂ ਮੁਕਤ ਹੋ ਗਏ। 3 ਤੋਂ 5 ਸਤੰਬਰ ਮੰਡੀ ਵਿਖੇ ਦਰਸ਼ਨ ਦਿੱਤੇ। 6 ਤਾਰੀਖ ਨੂੰ ਜੀਵਨ ਨਗਰ ਨੂੰ ਚਾਲੇ ਪਾਏ। ਰਾਹ ਵਿੱਚ ਤਪੇ ਮੰਡੀ ਦੇ ਪਾਸ ਇੱਕ ਪਿੰਡ ਢਿੱਲਵਾਂ ਨੂੰ ਨਿਵਾਜਿਆ। ਏਥੇ ਸ. ਅਵਤਾਰ ਸਿੰਘ ਦੇ ਘਰ ਪਾਠ ਦਾ ਭੋਗ ਸੀ। ਘੰਟਾ ਭਰ ਏਥੇ ਦਰਸ਼ਨ ਦਿੱਤੇ। ਸਤਨਾਮ ਸਿੰਘ ਨੇ ਏਥੇ ਪਰਸ਼ਾਦ ਤਿਆਰ ਕੀਤਾ। ਉਹ ਨਾਲ ਲਿਆ ਅਤੇ 11 ਵਜੇ ਦਿਨੇ ਜੀਵਨ ਨਗਰ ਨੂੰ ਪ੍ਰਸਥਾਨ ਕੀਤਾ।

## ਨਾਲ ਕੌਣ ਕੌਣ? –

ਸਤਨਾਮ ਸਿੰਘ ਲਾਂਗਰੀ ਨੇ ਦੱਸਿਆ ਕਿ ਚਹੁੰ ਗੱਡੀਆਂ ਦਾ ਕਾਫਲਾ ਚੱਲਿਆ। ਸ੍ਰੀ ਸਤਿਗੁਰੂ ਜੀ ਦੀ ਕਾਰ ਜਿਸਨੂੰ ਗੁਰਮੁਖ ਸਿੰਘ ਡਰਾਈਵਰ ਚਲਾ ਰਿਹਾ ਸੀ। ਦੂਜੀ ਗੱਡੀ ਸੰਤ ਜਗਤਾਰ ਸਿੰਘ ਪਨਿਹਾਰੀ ਵਾਲਿਆਂ ਦੀ ਜਿਸ ਨੂੰ ਡਰਾਈਵ ਆਪ ਕਰ ਰਹੇ ਸਨ। ਤੀਜੀ ਜਿਪਸੀ ਮਾਰੂਤੀ ਜਿਹੜੀ ਸੰਤ ਸੰਤੋਖ ਸਿੰਘ ਮੰਡੀ ਵਾਲਿਆਂ ਦੀ ਗੱਡੀ ਸੀ ਅਤੇ ਜਿਸਦਾ ਚਾਲਕ ਵੀ ਉਹਨਾਂ ਦਾ ਲੜਕਾ ਹੀਰਾ ਸਿੰਘ ਸੀ ਅਤੇ ਚੌਥੀ ਗੱਡੀ ਸ. ਸੰਤੋਖ ਸਿੰਘ ਵਜੀਦ ਜ਼ਿਲ੍ਹਾ ਜਲੰਧਰ ਵਾਲਿਆਂ ਦੀ ਸੀ।

ਸ੍ਰੀ ਸਤਿਗੁਰੂ ਜੀ ਦੀ ਤਾਬਿਆ ਵਿੱਚ ਸਨ ਠਾਕੁਰ ਉਦੇ ਸਿੰਘ ਜੀ, ਸਕੱਤਰ ਤਰਸੇਮ ਸਿੰਘ, ਹਜ਼ੂਰੀ ਸੇਵਕ ਬਲਦੇਵ ਸਿੰਘ, ਗੁਰੂ ਜੀ ਦਾ ਖਜ਼ਾਨਚੀ ਮਹਿੰਦਰ ਸਿੰਘ ਪੂਰਬਾ, ਬਸਤਰ ਸਾਧਕ ਗੁਰਤੇਜ ਸਿੰਘ, ਲਾਂਗਰੀ ਸਤਨਾਮ ਸਿੰਘ, ਸ੍ਰੀ ਸੁਖਚੈਨ ਸਿੰਘ (ਭੰਗੂਰ) ਅਤੇ ਸੁਵਿੰਦਰ ਸਿੰਘ ਬੋਘਲ (ਸੰਤ ਨਗਰ) ਅੰਗ ਰੱਖਿਅਕ, ਤਿੰਨ ਕੁ ਲੁਧਿਆਣੇ ਦੇ ਪੁਲਸੀਏ ਸੁਰੱਖਿਆ ਗਾਰਦ ਦੇ ਤੌਰ ਤੇ।

## ਕਰੀਵਾਲੇ (ਸਰਸਾ) ਤੱਕ –

ਨਾਲ ਲਿਆਂਦਾ ਲੰਗਰ ਜੀਵਨ ਨਗਰ ਜਾ ਇਸ਼ਨਾਨ ਕਰ ਛਕਿਆ। ਪ੍ਰੋਗਰਾਮ ਸ਼ਾਮ ਦੇ ਦੀਵਾਨ ਦਾ ਕਰੀਵਾਲਾ ਧਰਮਸਾਲਾ ਵਿੱਚ ਸੀ। ਓਥੇ ਜਾ ਦਰਸ਼ਨ ਦਿੱਤੇ। ਦੋਹਾਂ ਪਿੰਡਾਂ ਤੇ ਨਾਲ ਦੇ ਖੂਹਾਂ ਦੀ ਸੰਗਤ ਹੁੰਮ ਹੁੰਮਾ ਕੇ ਆਈ। ਇੱਕ ਘੰਟਾ ਨਾਲ ਸਿਮਰਨ ਅਤੇ ਸ਼ਬਦ ਕੀਰਤਨ ਉਪਰੰਤ ਸੱਚੇ ਪਾਤਸ਼ਾਹ ਜੀ ਨੇ ਟੁੰਬਵੇਂ ਸ਼ਬਦਾਂ ਵਿੱਚ ਉਪਦੇਸ਼ ਕੀਤਾ ਕਿ ਭਜਨ ਬਾਣੀ ਵਿਸਰਦਾ ਜਾਂਦਾ ਹੈ, ਧਨ-ਪਦਾਰਥ ਵਧ ਰਿਹਾ ਹੈ। ਇਹ ਜੰਮ-ਜੰਮ ਵਧੇ ਪਰ ਨਾਮ ਦਾ ਵਿਸਾਰਨਾ ਖੱਜਲ ਖੁਆਰੀ ਪੈਦਾ ਕਰੇਗਾ।

ਸੰਗਤ ਨੂੰ ਨਿਹਾਲ ਕਰ ਵਾਪਸੀ ਤੇ ਦਮਦਮੇ ਪਿੰਡ ਦੇ ਬਾਜਾਖਾਨਾ ਦੇ ਸਰਦਾਰ-ਸੰਤ, ਸੰਤ ਸਿੰਘ ਨੂੰ ਦਰਸ਼ਨ ਦਿੱਤੇ। ਸਿੰਘ ਦਾ ਸਰੀਰ ਬਿਰਧ ਤੇ ਰੋਗ ਗ੍ਰਸਤ ਹੈ। ਉਸਤੇ ਅੱਧਾ ਘੰਟਾ ਕਿਰਪਾ ਕੀਤੀ। ਫੇਰ ਆਪਣੇ ਨਾਂ ਦੇ ਨਗਰ, ਜਗਜੀਤ ਨਗਰ ਵਿੱਚ ਸ੍ਰੀ ਮਾਤਾ ਚੰਦ ਕੌਰ ਜੀ ਦੇ ਪੇਕਿਆਂ ਘਰ ਪਧਾਰੇ। ਬਿਰਧ ਸੰਤ ਸਰਵਣ ਸਿੰਘ (ਰਿਸ਼ਤਿਓਂ ਸਤਿਗੁਰੂ ਜੀ ਦਾ ਸਹੁਰਾ) ਤੇ ਇਨ੍ਹਾਂ ਦੇ ਸਪੁੱਤਰ ਬਲੀ ਸਿੰਘ ਨੂੰ ਪੰਜ ਛੇ ਮਿੰਟ ਲਈ ਕਿਰਤਾਰਥ ਕੀਤਾ।

ਏਥੋਂ ਆਪ ਜੀ ਸਮੇਤ ਜਥੇ ਸੰਤ ਨਗਰ ਵਿਚਦੀ ਸੰਗਤਾਂ ਨੂੰ ਦਰਸ਼ਨ ਦਿੰਦੇ ਮਸਤਾਨਗੜ੍ਹ ਪਹੁੰਚੇ। ਏਥੇ ਵਾਲੀਬਾਲ ਨਾਲ ਕੁਝ ਸਮਾਂ ਚਿੱਤ ਪਰਚਾਇਆ। ਰਾਤੀਂ ਵਿਸ਼ਰਾਮ ਜੀਵਨ ਨਗਰ ਮਹਾਰਾਜ ਬੀਰ ਸਿੰਘ ਜੀ ਦੀ ਪਾਸ ਆਣ ਕੀਤਾ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਟਿੱਬਿਆਂ ਨੂੰ ਪੱਧਰਾ ਕਰਨ ਉਪਰੰਤ ਸੰਗਤਾਂ ਨੂੰ ਖੁਸ਼ੀਆਂ ਬਖਸ਼ਦੇ ਹੋਏ।

## ਟਿੱਬੇ ਵਾਲੇ ਖੂਹ ਦੇ ਟਿੱਬੇ ਸਾਫ਼ –

ਸਤਨਾਮ ਸਿੰਘ ਨੇ ਦੱਸਿਆ 7 ਸਤੰਬਰ 1986 ਨੂੰ ਆਸਾ ਦੀ ਵਾਰ ਦਾ ਕੀਰਤਨ ਸੰਤ ਨਗਰ ਵਿਖੇ ਹੋਇਆ, ਜਿੱਥੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਨੇ 'ਮਨ ਖਿੜਿਆ ਹਰਿਆ ਬਾਗ' ਦੀ ਅਵਸਥਾ ਪੈਦਾ ਕਰ ਦਿੱਤੀ। ਜਦੋਂ ਸੱਚੇ ਪਾਤਸ਼ਾਹ ਪਿੰਡੀਂ ਨਗਰੀਂ ਦਰਸ਼ਨ ਦਿੰਦੇ ਹਨ ਤਾਂ ਆਰਥਕ ਪੱਖੋਂ ਕਮਜ਼ੋਰ ਪਰਵਾਰ ਅਤੇ ਬੀਬੀਆਂ ਗੁਰੂ ਕੇ ਦੀਦਾਰਿਆਂ ਤੋਂ ਫ਼ੈਜ਼ਯਾਬ ਹੁੰਦੀਆਂ ਹਨ। ਤਕੜੇ ਤਾਂ ਪੁੱਜ ਕੇ ਵੀ ਦਰਸ਼ਨ ਕਰ ਸੱਕਦੇ ਹਨ।

ਪਿਛਲੀ ਵਾਰ ਦੇ ਜੀਵਨ ਨਗਰ ਇਲਾਕੇ ਵਿੱਚ ਆਉਣ ਸਮੇਂ ਕੁਛ ਸੰਕੇਤ ਦਿੱਤੇ ਸਨ ਅਤੇ ਕੱਲ ਦੇ ਇਲਾਕੇ ਵਿੱਚ ਚਰਨ ਪਾਉਣ ਨਾਲ ਲਗਭਗ ਸਭ ਟਰੈਕਟਰ ਮਾਲਕਾਂ ਤੇ ਚਾਲਕਾਂ ਨੂੰ ਪਤਾ ਸੀ ਕਿ ਸੱਚੇ ਪਾਤਸ਼ਾਹ ਜੀ ਨੇ ਜਦੋਂ ਦਰਸ਼ਨ ਦਿੱਤੇ ਇੱਕ ਦਿਨ ਟਰੈਕਟਰ ਸੇਵਾ ਲੈਣੀ ਹੈ। ਜ਼ਿੰਮੇਵਾਰ ਸਿੰਘਾਂ ਸਭ ਟਰੈਕਟਰ ਮਾਲਕਾਂ ਨਾਲ ਤਾਲਮੇਲ ਕਰ ਰੱਖਿਆ ਸੀ ਅਤੇ ਅੱਜ ਗੁਰੂ ਕੀ ਹਜ਼ੂਰੀ ਵਿੱਚ ਸਵੇਰੇ 8 ਵਜੇ ਤੋਂ ਹੀ 214 ਟਰੈਕਟਰ ਹਾਜ਼ਰ ਹੋ ਗਏ ਅਤੇ ਟਿੱਬੇ ਵਾਲੇ ਖੂਹ ਦੀ ਮਿੱਟੀ ਪੁੱਟ ਹੋਣ ਲੱਗੀ। ਜੀਵਨ ਨਗਰ ਦੇ ਆਲੇ ਦੁਆਲੇ ਵਿੱਚ ਗੁਰੂ ਕਾ ਇਹੋ ਸਥਾਨ ਹੀ ਵਧੇਰੇ ਉਚੇਰਾ ਸੀ। ਇਸ ਸਥਾਨ ਨੂੰ ਭਜਨ ਬੰਦਗੀ ਵਲੋਂ ਵੀ ਬੜੇ ਭਾਗ ਲੱਗੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਟਿੱਬੇ ਵਾਲੇ ਖੂਹ ਤੇ ਅੱਸੂ ਦੇ ਮੇਲੇ ਸਮੇਂ ਮਹੀਨੇ ਮਹੀਨੇ ਭਰ ਦਾ ਭਜਨ ਕੁੰਭ ਦਾ ਆਯੋਜਨ ਕੀਤਾ ਹੈ।

ਹੁਣ ਦੀਨ ਦਿਆਲ ਜੀ ਨੇ ਇਸ ਟਿੱਬੇ ਵੱਲ ਧਿਆਨ ਕੀਤਾ ਹੋਇਆ ਹੈ। ਸੇਊ, ਬੇਰੀਆਂ ਅਤੇ ਸਫੈਦਿਆਂ ਦੇ ਖੇਤ ਤਾਂ ਪਹਿਲਾਂ ਵੀ ਖਲੋਤੇ ਸਨ ਹੁਣ ਆਦਿ ਹੋਰ ਸੈਟਰਿਕ ਬੂਟੇ ਵੀ ਲਗਵਾਏ ਗਏ ਹਨ। ਪਿਛਲੀਆਂ ਗਰਮੀਆਂ ਵਿੱਚ ਕਈ ਪੌਦਿਆਂ ਦਾ ਨੁਕਸਾਨ, ਕੁਛ ਬਰਸਾਤ ਦੀ ਥੁੜ੍ਹੋਂ ਹੋ ਗਿਆ। ਅੱਜ

ਇਸ ਦੀ ਉਚਾਈ ਨੂੰ ਘਟਾਣ ਤੇ ਜ਼ਮੀਨ ਨੂੰ ਪੱਧਰੀ ਕਰਨ ਦੀ ਮੁਹਿੰਮ ਸੀ।

ਸੋ ਅੱਜ ਦੋ ਸੌ ਤੋਂ ਵੱਧ ਟਰੈਕਟਰਾਂ ਦਾ ਸ਼ੋਰ ਟਿੱਬੇ ਤੇ ਕੰਨ ਪਾੜ ਰਿਹਾ ਸੀ ਤੇ ਕੰਮ ਵੀ ਸਵਾਰ ਰਿਹਾ ਸੀ। ਸ਼ਕੰਜਵੀਆਂ, ਚਾਹਟੇ, ਦੁੱਧ, ਦਾਲ ਪ੍ਰਸ਼ਾਦੇ ਆਦਿ ਦੀ ਕੋਈ ਤੋਟ ਨਹੀਂ ਰਹੀ। ਸਿੰਘ ਗੁਰੂ ਕੀ ਹਜ਼ੂਰੀ ਵਿੱਚ ਕੰਮ ਕਰਦੇ, ਖੁਸ਼ੀਆਂ ਦੇਂਦੇ ਤੇ ਲੈਂਦੇ ਸਨ। ਇਲਾਕੇ ਦਾ ਕੋਈ ਬਹੁਤਾ ਪੁਰਾਣਾ ਟਰੈਕਟਰ ਹੀ ਭਾਵੇਂ ਨ ਇਸ ਯੱਗ ਵਿੱਚ ਸ਼ਾਮਲ ਹੋਇਆ ਹੋਵੇ।

ਸਤਿਗੁਰੂ ਜਿੱਥੇ ਜਾਣ ਮੇਲਾ ਬਣ ਜਾਂਦਾ ਹੈ। ਚਾਰ ਕੁ ਸੌ ਸਿੱਖਾਂ ਦਾ ਇਕੱਠ ਏਥੇ ਸਹਿਜ ਭਾ ਹੋ ਗਿਆ ਤੇ ਮੇਲਾ ਬਣ ਗਿਆ।

ਸਤਨਾਮ ਸਿੰਘ ਨੇ ਦੱਸਿਆ ਕਿ ਇਸ ਦਿਨ 55 ਕਿਲੋ ਨਿੰਬੂ, ਪੌਣੇ ਦੋ ਬੋਰੀਆਂ ਚੀਨੀ ਅਤੇ 30 ਕਿਲੋ ਘਿਉ ਦੇਸੀ ਦੀ ਵਰਤੋਂ ਹੋ ਗਈ।

ਸ਼ਾਮੀਂ ਜਦੋਂ ਸਾਧ ਸੰਗਤ ਵਿਦਾ ਹੋਣ ਲੱਗੀ ਤਾਂ ਸ੍ਰੀ ਸਤਿਗੁਰੂ ਜੀ ਨੇ ਜਿਪਸੀ ਮਾਰੂਤੀ ਦਾ ਹੈੱਡ ਖੋਲ੍ਹਕੇ, ਗੱਡੀ ਵਿੱਚ ਖਲ੍ਹੋ ਸਾਰੇ ਜਾਂਦੇ ਟਰੈਕਟਰਾਂ ਵਾਲਿਆਂ ਨੂੰ ਦਰਸ਼ਨ ਦੇ ਕੇ ਖੁਸ਼ੀਆਂ ਬਖਸ਼ੀਆਂ, ਸਦ ਉਪਦੇਸ਼ ਦੇ ਕੇ ਕਿਰਤਾਰਥ ਕੀਤਾ। ਇਸ ਦ੍ਰਿਸ਼ ਦੀ ਯਾਦ ਸੰਭਾਲਣ ਲਈ, ਗੁਰਮੁਖ ਸਿੰਘ ਲੁਹਾਰਾਂ ਨੇ ਵੀਡੀਓ ਫਿਲਮ ਤਿਆਰ ਕੀਤੀ ਅਤੇ ਇੱਕ ਫਹਿਰਿਸਤ ਵੀ ਉਨ੍ਹਾਂ ਸੱਜਣਾਂ ਦੀ ਬਣਾਈ ਗਈ ਜਿਨ੍ਹਾਂ ਸੇਵਾ ਅਤੇ ਸਹਿਯੋਗ ਦਿੱਤਾ। ਬੜਾ ਚੰਗਾ ਹੁੰਦਾ ਜੇ ਮੈਨੂੰ ਵੀ ਅੱਜ ਉਹ ਮਿਲ ਗਈ ਹੁੰਦੀ, ਮੈਂ ਉਹ ਸਾਰੇ ਸਹਿਯੋਗੀ ਏਥੇ ਲਿਖ ਦਿੰਦਾ।

## ਨਾਮ ਉਪਦੇਸ਼ –

ਇੱਕ ਸਮਾਂ ਐਸਾ ਵੀ ਆਇਆ ਕਿ ਇਸ ਟਰੈਕਟਰ ਧਾਰੀ ਤੇ ਸਹਾਇਕ ਸੰਗਤ ਨੂੰ ਸੱਚੇ ਪਾਤਸ਼ਾਹ ਜੀ ਨੇ ਸੰਬੋਧਨ ਕੀਤਾ, ਜਿਸਦਾ ਤੱਤ ਇਹ ਸੀ ਕਿ ਜਦੋਂ ਮਸਤਾਨਗੜ੍ਹ ਦੇ 7-8 ਮੁਰੱਬਿਆਂ ਦਾ ਦਲਦਲ ਖਤਮ ਕਰਨਾ ਸੀ, ਓਦੋਂ ਸਾਰੇ ਇਲਾਕੇ ਵਿੱਚੋਂ 40 ਟਰੈਕਟਰ ਹੀ ਮਿਲ ਸੱਕੇ ਸਨ, ਅਰਥਾਤ ਹੈਗੇ ਈ ਏਨੇ ਕੁ ਸਨ। ਅੱਜ ਟਰੈਕਟਰਾਂ ਦੀ ਭਰਮਾਰ ਹੈ, ਦੋ ਸੌ ਚੌਦਾਂ ਟਰੈਕਟਰਾਂ ਦਾ ਇਕੱਠੇ ਹੋ ਕੇ ਇੱਕੋ ਥਾਂ ਤੇ ਕੰਮ ਕਰਨਾ, ਇਹ ਕੋਈ ਮਾਮੂਲੀ ਗੱਲ ਨਹੀਂ। ਏਥੋਂ ਸਾਨੂੰ ਇਲਾਕੇ ਦੀ ਪਦਾਰਥਕ ਪ੍ਰਗਤੀ ਦਾ ਵੀ ਪਤਾ ਲੱਗਦਾ ਹੈ। ਧਨ ਦੌਲਤ ਬੜੀ ਹੋ ਗਈ ਹੈ, ਪਰ "ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ॥" ਆਪਣੇ ਵਿੱਚ ਨਾਮ ਬਾਣੀ ਦਾ ਜਪਣਾ-ਕਿੰਨਾਂ ਕੁ ਹੈ, ਇਹ ਆਪਣੇ ਅੰਦਰੀਂ ਝਾਤੀ ਮਾਰ ਕੇ ਵੇਖ ਲਓ। ਸਾਡਾ ਨਾਮ ਨਾਮਧਾਰੀ ਹੈ, ਨਾਮ ਦੇ ਆਧਾਰ ਵਾਲੇ, ਅੱਜ ਕਿੰਨਿਆਂ ਕੁ ਦਾ ਆਧਾਰ 'ਨਾਮੁ' ਹੈ। ਆਓ ਸਾਰੇ ਏਸ ਆਧਾਰ ਵੱਲ ਵੀ ਪਰਪੱਕ ਹੋਈਏ। ਇੱਕ ਘੰਟਾ ਰੋਜ਼ਾਨਾ ਨਾਮ ਸਿਮਰਨ ਤਾਂ ਜ਼ਰੂਰ ਹੀ ਕਰੀਏ, ਵੱਧ ਜਿੰਨਾ ਹੋ ਸੱਕੇ। ਘਰ ਪ੍ਰਤੀ ਮਹੀਨੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਇੱਕ ਸਧਾਰਨ ਪਾਠ ਵੀ ਜ਼ਰੂਰ ਕਰੋ।

### ਡਾ. ਵੋਹਰਾ ਤੋਂ ਦੰਦਾਂ ਦਾ ਇਲਾਜ –

ਲੁਧਿਆਣੇ ਦੇ ਡਾਕਟਰ ਵੋਹਰਾ ਨੇ ਸ੍ਰੀ ਸਤਿਗੁਰੂ ਜੀ ਦੇ ਦੰਦ ਲਗਾਏ ਹੋਏ ਹਨ। ਡਾਕਟਰ ਬੜਾ ਮਾਹਰ ਤੇ ਗੁਰੂ ਘਰ ਪ੍ਰਤੀ ਸਤਿਕਾਰ ਪਿਆਰ ਵਾਲਾ ਹੈ। ਪਰ ਸਤਿਗੁਰੂ ਜੀ ਨੂੰ ਇਨ੍ਹਾਂ ਦੰਦਾਂ ਬਾਰੇ ਅਨੇਕਾਂ ਵਾਰ ਇਸ ਡਾਕਟਰ ਪਾਸ ਜਾਣਾ ਪਿਆ ਹੈ। ਅੱਜ ਵੀ ਇੱਕ ਦੰਦ ਪਰੇਸ਼ਾਨ ਕਰ ਰਿਹਾ ਸੀ, ਸੋ ਰਾਤ ਨੂੰ ਲੁਧਿਆਣੇ ਦੁਆਰਾ ਸ੍ਰੀ ਭੈਣੀ ਸਾਹਿਬ ਹੀ ਪਹੁੰਚਿਆ ਗਿਆ। 8 ਤਾਰੀਖ ਨੂੰ ਡਾਕਟਰ ਨੂੰ ਦੰਦਾਂ ਦੇ ਨੁਕਸ ਬਾਰੇ ਸਮਝਾ ਉਸਦਾ ਇਲਾਜ ਕਰ ਅੱਜ 9 ਨੂੰ 9 ਵਜੇ ਹਵਾਈ ਜਹਾਜ਼ ਦੁਆਰਾ ਦਿੱਲੀ ਵਿਖੇ ਦਰਸ਼ਨ ਦਿੱਤੇ।

## ਕਵੀ ਜੀ ਬੜਾ ਦੁੱਖ ਦਿੰਦੇ ਹਨ–

ਸਤਨਾਮ ਸਿੰਘ ਦੇ ਬਚਨਾਂ ਦਾ ਅੰਤ ਸ਼ਾਇਦ ਅਜੇ ਨਹੀਂ ਸੀ ਪਰ ਮੇਰੇ ਸਬਰ ਦਾ ਅੰਤ ਹੋ ਗਿਆ ਸੀ। ਲੱਗਦਾ ਸੀ ਦੀਨ ਦਿਆਲ ਹੁਣ ਟੱਬ ਵੱਲੋਂ ਵਿਹਲੇ ਹੋ ਤਿਆਰ ਹੋ ਗਏ ਹੋਣਗੇ ਜਾਂ ਉੱਠਕੇ ਅੰਦਰਲੇ ਵਰਾਂਡੇ ਵਿੱਚੋਂ ਗੈਲਰੀ ਵੱਲ ਝਾਤ ਮਾਰੀ ਤਾਂ ਲੰਬੇ ਬੈਂਚ ਨਾਲ ਢਾਸਣਾ ਲਾਈ ਖਲੇ ਦੀਨ ਦਿਆਲ ਜੀ ਦੇ ਨੇਤਰ ਮਿਲੇ। ਬਚਨ ਹੋਇਆ : ਕਵੀ ਜੀ ਨੂੰ ਕਹਿ ਦਿਓ ਮੱਥਾ ਟੇਕ ਲੈਣ ਫੇਰ ਮੈਂ ਹੋਰ ਥਾਂ ਜਾਣਾ ਹੈ। ਜਾਂ ਮੈਂ ਕੋਲ ਆ ਕੇ ਚਰਨ ਪਰਸੇ ਤਾਂ ਸ੍ਰੀ ਮੁਖ ਤੋਂ ਪੁਸ਼ਪ ਵਰਖਾ ਹੋਈ। ਕਵੀ ਜੀ ਕਈਆਂ ਲੋਕਾਂ ਨੂੰ ਬੜਾ ਦੁੱਖ ਦਿੰਦੇ ਹਨ। ਐਤਕਾਂ ਬਾਰ ਬਾਰ ਸ਼ਕਾਇਤਾਂ ਹੋਈਆਂ ਹਨ ਅਤੇ ਸੱਚੇ ਪਾਤਸ਼ਾਹ ਸਪਸ਼ਟ ਕੀਤਾ ਕਿ ਪਰਸੋਂ ਟਿੱਬੇ ਵਾਲੇ ਖੂਹ ਤੇ ਜਦੋਂ 212-14 ਟਰੈਕਟਰਾਂ ਦੀ ਘੜਮੱਸ ਮੱਚੀ, ਵੀਡੀਓ ਰਿਕਾਰਡ ਕੀਤਾ ਗਿਆ ਸਾਰਾ ਪ੍ਰੋਗਰਾਮ ਪਰ ਹਰ ਕੋਈ

ਕਹੇ ਅੱਜ ਏਥੇ ਕਵੀ ਜੀ ਚਾਹੀਦੇ ਸਨ। ਮੈਂ ਸਮਝਦਾਂ ਕਿ ਸਭ ਕੁਛ ਵੀਡੀਓ ਹੋ ਰਿਹਾ ਹੈ ਤਾਂ ਵੀ ਕਵੀ ਜੀ ਦੀ ਲੋੜ ਹਰ ਕਿਸੇ ਨੂੰ ਰੜਕਦੀ ਸੀ। ਮੈਨੂੰ ਕਈਆਂ ਨੇ ਕਿਹਾ ਜੇ ਅੱਜ ਏਥੇ ਕਵੀ ਹੁੰਦੇ। ਇਹ ਸੱਚੇ ਪਾਤਸ਼ਾਹ ਜੀ ਵਲੋਂ ਮੇਰੇ ਲਈ ਸੁਆਗਤ-ਮਾਣ ਵੀ ਸੀ ਤੇ ਇਹ ਚੇਤਾਣਾ ਵੀ ਕਿ ਮੈਨੂੰ ਏਸ ਅਵਸਰ ਤੇ ਜੀਵਨ ਨਗਰ ਹੋਣਾ ਚਾਹੀਦਾ ਸੀ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਹਿਰਦਾ ਗਦ ਗਦ ਹੋ ਗਿਆ।

## ਸੰਗਤ ਨੂੰ ਦਰਸ਼ਨ –

2.30 ਵੱਜ ਗਏ। ਦੀਨ ਦਿਆਲ ਛਪ ਛਪ ਅੰਦਰਲੀਆਂ ਪੌੜੀਆਂ ਉੱਤਰ ਗਏ। ਹੇਠਾਂ 50 ਕੁ ਇਸਤਰੀ ਪੁਰਸ਼ ਸਨ, ਜਿਨ੍ਹਾਂ ਦਾ ਜੀਅ ਸਤਿਗੁਰੂ ਜੀ ਦੇ ਦਰਸ਼ਨਾਂ, ਬਚਨਾਂ ਅਤੇ ਅਰਜ਼ਾਂ ਲਈ ਵਿਆਕੁਲ ਸੀ। ਸੱਚੇ ਪਾਤਸ਼ਾਹ ਜੀ ਖੱਦਰ ਵਸਤਰਾਂ ਨਾਲ ਸੁਸੱਜਿਤ, ਸੰਗਤ ਜੁ ਸੁਆਗਤ ਹਿਤ ਖਲੋਤੀ ਸੀ ਵਿੱਚ ਦੀ ਰਸਤਾ ਬਣਾਂਦੇ ਸੇਠ ਤਰਲੋਕ ਸਿੰਘ ਜੀ ਵਾਲੇ ਕਮਰੇ ਵਿੱਚ ਇੱਕ ਬੈੱਡ ਤੇ ਜਾ ਸੁਸ਼ੋਭਤ ਹੋਏ। ਕਮਰੇ ਵਿੱਚ ਬੀਬੀ ਮਹਿੰਦਰ ਕੌਰ ਸੇਠਣੀ ਦੀ ਇੱਕ ਵੱਡੀ, ਰੰਗੀਨ, ਸੁੰਦਰ ਫੋਟੋ ਲੱਗੀ ਕਮਰੇ ਨੂੰ ਆਪਣੀ ਯਾਦ ਨਾਲ ਭਰਪੂਰ ਰੱਖਦੀ ਹੈ। ਸੇਠ ਜੀ ਵੀ ਅੰਦਰ ਹੱਥ ਜੋੜੀ ਸੇਵਾ ਵਿੱਚ ਉਪਸਥਿਤ ਸਨ।

## ਸ. ਰਣਜੀਤ ਸਿੰਘ ਚਾਵਲਾ –

ਜਦ ਨੂੰ ਮੈਂ ਅੰਦਰ ਗਿਆ। ਲਾਲ ਪੱਗ ਵਾਲੇ ਸ. ਰਣਜੀਤ ਸਿੰਘ ਚਾਵਲਾ ਸਤਿਗੁਰੂ ਜੀ ਨੂੰ ਆਪਣੇ ਕਿਸੇ ਰੋਗ ਬਾਰੇ ਨੀਵੇਂ ਸੁਰ ਵਿੱਚ ਅਰਜ਼ ਕਰ ਰਹੇ ਸਨ। ਸਾਰੀ ਗੱਲਬਾਤ ਸੁਣ ਦੀਨ ਦਿਆਲ ਜੀ ਨੇ ਬਚਨ ਕੀਤਾ : ਕਵੀ ਜੀ, ਇਹਨਾਂ ਬਾਰੇ ਹੰਸਪਾਲ ਜੀ ਨੂੰ ਕਹਿਣਾ ਹੈ ਕਿ ਉਹ ਡਾ. ਮੂਸੇ ਨਾਲ ਇਹਨਾਂ ਨੂੰ ਮਿਲਾਣ ਅਤੇ ਇਨ੍ਹਾਂ ਦੀ ਤਕਲੀਫ਼ ਦਾ ਕਾਰਨ ਲੱਭਣ। ਕਿਸੇ ਨੂੰ ਕਹਿ ਕੇ ਹੰਸਪਾਲ ਜੀ ਨੂੰ ਫ਼ੋਨ ਕਰਵਾਓ। ਉਹ ਇਹਨਾਂ ਨੂੰ ਜਾਣਦੇ ਹਨ। ਚਾਵਲਾ ਸਾਹਿਬ ਬੜੇ ਪ੍ਰਸਿੱਧ ਵਿਅਕਤੀ ਹਨ।

ਸੇਠ ਜੀ ਨੇ ਕਿਸੇ ਨੂੰ ਸ. ਹਰਭਜਨ ਸਿੰਘ ਸਟੈਨੋ ਨੂੰ ਬੁਲਾਣ ਭੇਜਿਆ ਤਾਕਿ ਹੰਸਪਾਲ ਜੀ ਨੂੰ ਫ਼ੋਨ ਕੀਤਾ ਜਾਇ। ਪਤਾ ਲੱਗਾ ਉਹ ਆ ਹੀ ਰਹੇ ਸਨ 15 ਮਿੰਟ ਤੱਕ।

ਫਿਰ ਇਕ ਸਿੰਘ ਇੰਫਾਲ ਵਾਲੇ ਆਪਣੇ ਲੜਕੇ ਨਾਲ ਅੱਗੇ ਆਏ। ਸ੍ਰੀ ਚਾਵਲਾ ਸ਼ਾਇਦ ਇਨ੍ਹਾਂ ਦੇ ਰਿਸ਼ਤੇਦਾਰ ਹਨ। ਨੌਜਵਾਨ ਦਾ ਅੱਜ ਜਾਂ ਕੱਲ ਉਪਰੇਸ਼ਨ ਹੈ, ਗੰਗਾ ਰਾਮ ਹਸਪਤਾਲ ਵਿੱਚ। ਸਤਿਗੁਰੂ ਜੀ ਬਚਨ ਕੀਤਾ : ਡਾਕਟਰਾਂ ਦੀਆਂ ਰਿਪੋਰਟਾਂ ਲੈ ਕੇ ਮੂਸਾ ਜੀ ਨੂੰ ਦੇ ਦਿਓ। ਉਹ ਸਮਝ ਸੋਚ ਲਵੇਗਾ, ਮੈਨੂੰ ਪੁੱਛਣ ਵਾਲਾ ਮੈਨੂੰ ਪੁੱਛ ਲਏਗਾ।

## ਸੰਗਤ ਦੀਆਂ ਅਰਜ਼ਾਂ–

ਇਹ ਲਾਂਭੇ ਹੋਏ ਤਾਂ 7-8 ਸੱਜਣ ਫਰੀਦਾਬਾਦ ਤੋਂ ਆਏ, ਅੰਦਰ ਆ ਗਏ। ਹੋਰ ਵੀ ਬਹੁਤ ਸਾਰੇ ਗਰੁੱਪ ਅੰਦਰ ਪਹੁੰਚ ਗਏ। ਦਰਮਿਆਨੇ ਆਕਾਰ ਦੇ ਅੰਦਰ ਵਿੱਚ ਖਾਸੀ ਸੰਗਤ ਹੋ ਗਈ। ਸੰਤ ਗੁਰਚਰਨ ਸਿੰਘ ਆਪਣੀ ਪਤਨੀ ਨਾਲ ਅਤੇ ਸੰਤ ਰਣਜੀਤ ਸਿੰਘ ਆਪਣੀ ਰੋਗ ਗ੍ਰਸਤ ਪੁੱਤਰੀ ਨੂੰ ਲੈ ਕੇ ਉਪਸਥਤ ਹੋਏ। ਸਵਰਗਵਾਸੀ ਸੂਬਾ ਅਮਰੀਕ ਸਿੰਘ ਜੀ ਮਹਿਤਪੁਰੀ ਦੀ ਪੁੱਤਰੀ ਬੀਬੀ ਰਛਪਾਲ ਕੌਰ, ਜੁ ਫਰੀਦਾਬਾਦ ਦੀਆਂ ਮਾਈਆਂ ਦੀ ਪ੍ਰਧਾਨ ਹੈ ਅਤੇ ਉਸ ਨਾਲ ਦੋ ਤਿੰਨ ਹੋਰ ਮਾਈਆਂ ਵੀ ਸਨ। ਸੰਤ ਰਣਜੀਤ ਸਿੰਘ ਜੀ ਨੇ ਹੌਲੀ ਜਿਹੀ ਅਰਜ਼ ਕਰਕੇ ਆਪਣੀ ਬੱਚੀ ਬਾਰੇ ਅਰਜ਼ ਕੀਤੀ। ਸਤਿਗੁਰੂ ਜੀ ਨੇ ਡਾ. ਮੂਸਾ ਨੂੰ ਵਖਾਣ ਲਈ ਬਚਨ ਕੀਤਾ। ਡਾ. ਮੁਸਰੱਫ ਅਲੀ ਮੂਸਾ ਸੋਮ ਵਿਹਾਰ ਵੀ ਬੁਲਾਇਆ ਹੋਇਆ ਸੀ। ਹੋਰ ਅੱਧੇ ਘੰਟੇ ਤੱਕ ਪਹੁੰਚ ਜਾਵੇਗਾ।

ਬੀਬੀ ਰਛਪਾਲ ਕੌਰ ਦੀ ਵਾਰੀ ਆਈ ਤਾਂ ਉਸਨੇ 415 ਰੁਪਏ ਮੱਥਾ ਟੇਕੇ। ਏਹ ਰਕਮ ਵਰਨੀਆਂ ਦੀ ਇਕੱਤਰ ਹੋ ਗਈ ਸੀ। 50/- ਆਪਣੇ ਜਥੇ ਵਲੋਂ ਹੋਰ ਭੇਟਾ ਕੀਤੇ।

ਅੰਦਰ ਜੁੜੀ ਸੰਗਤ ਵਿੱਚੋਂ ਸ. ਸੁਖਜਿੰਦਰ ਸਿੰਘ ਬੈਂਕੋਕ ਵਾਲੇ ਇੱਕ ਹੋਰ ਵਿਅਕਤੀ ਨਾਲ ਆਏ ਹੋਏ ਸਨ। ਇਹਨਾਂ ਦੇ ਕੰਨ ਵਿੱਚ ਦੀਨ ਦਿਆਲ ਜੀ ਨੇ ਕੁਛ ਬਚਨ ਕੀਤਾ। ਹੋਰ ਜਿੰਨੇ ਆਏ ਸਨ, ਸਭ ਨੇ ਨਮਸਕਾਰ ਕੀਤੀ। ਸੱਚੇ ਪਾਤਸ਼ਾਹ ਜੀ ਉੱਠ ਕੇ ਬਾਹਰ ਜਾਣ ਲਈ ਖਲੋਤੇ ਤਾਂ ਸ. ਅਵਤਾਰ ਸਿੰਘ ਸਪੁੱਤਰ ਸੰਤ ਲਾਭ ਸਿੰਘ ਹੈਦਰਾਬਾਦ ਵਾਲਿਆਂ ਦੀ ਪਤਨੀ ਨੇ ਚਰਨਾਂ ਤੇ ਸਿਰ ਧਰ ਕੇ ਰੋਣਾ ਹੀ ਸ਼ੁਰੂ ਕਰ ਦਿੱਤਾ। ਮਿੰਟ ਕੁ ਭਰ ਉਸਦੀ ਨਮਸਕਾਰ ਨਾਲ ਹੀ ਡਬਲ ਬੈੱਡ ਦੇ ਉਤੋਂ ਦੀ ਹੋ ਬਾਹਰ ਲਈ ਲੰਘ ਤੁਰੇ। ਸਾਧ ਸੰਗਤ ਬਾਹਰ ਵੀ ਦਰਸ਼ਨਾਂ ਦੀ ਜਾਚਕ ਹੈ ਸੀ।

ਚਲਦਾ..........

# A Saga Of
# Sri Satguru Jagjit Singh Ji

Dr. Sharada Jayagovind

Satguru ji used to tell the disciples:

“Find out the meaning and aim of human life; assess how far you have achieved these and how would you make your life a spiritual success. The Gurbani and the Guru show the way.

Jap Tap Kaa Bandh Berhula Jit Lange Vahela

Build a raft of penance and naam to carry you across the ocean of life.”

Patsha ji advised the devotees on attaining a balanced mind which accepts the pain and pleasures of life as the will of God. The Satguru followed what he preached. He said death of the near ones will not devastate disciples when they accept it as the will of God. When Satguru ji's first wife Mata Rajinder Kaur ji passed away due to a sudden illness, he was just a twenty-fiveyear-old young man. Satguru ji had to be carried to the river bank where she was cremated as he had hurt his ankle and the wound was very painful. Seeing his pain, his mother-in-law, Jagat Kaur ji said:

“It must be hurting you a lot." Satguru Jagjit Singh ji replied:

“This wound is not so deep as the one I have suffered now (referring to his wife's death). Yet, I have tolerated that. One has to bear everything bestowed by the Creator.”

Satguru Jagjit Singh ji used to say that we have to “sell” our mind to the Satguru to attain spiritual success.

ਮਨੁ ਬੇਚੈ ਸਤਿਗੁਰ ਕੈ ਪਾਸਿ॥

Man bechai satgur kai paas.

One who sells his mind to the True Guru

ਤਿਸੁ ਸੇਵਕ ਕੇ ਕਾਰਜ ਰਾਸਿ॥

Tis sevak ke karaj raas. That humble servant's affairs are resolved.

This is very difficult because it involves many physical challenges, which are demanding, such as waking up early every day, bathing and performing nitnem.

Patsha ji said that the path of spirituality demanded total dedication. He illustrated this through a comparison.

"First we learn the alphabet, slowly we develop the skill of joining the letters to form words. Using these words, we communicate, read books and become lawyers, teachers, doctors. In order to achieve this, we need to completely dedicate our minds to the learning process. Similarly, if we wish to pursue the path of Sikhi, first we should dedicate our minds to the Satguru."

The Gurbani says that another obstacle which prevents the mind from surrendering is the ego. Only seva to Guru and sangat can help us get rid of our ego, says the Satguru. Among the Sikhs, cleaning the used plates and utensils is an important seva because as you wash the outer dirt away, the inner dirt, the ego, slowly vanishes. Patshaji says:

"In our daily life, we submit before the rich and the powerful for personal gains. In fact, we buy peace with our wives and children by surrendering our ego. But surrender to our beloved Satguru is above all these surrenders. Here, we should totally forget the I."

Nishaan Singhji, the eminent Namdhari preacher, says:

"Satguru Jagjit Singh ji carried out Satguru Partap Singh jis orders with total submission. He never took credit for any work that he executed. He never said I' or 'Mine?" Total surrender means acceptance of God's will. To remain composed and stable under all circumstances is an indication of an egoless mind. Satguru Jagjit Singh ji explained this through an illustration:

"A cycle has two tyres. If one of the tyres is removed, the cycle loses its balance. Similarly, life is a cycle of happiness and misery, positives and negatives. We should accept both in equanimity as the will of God."

to be continued

# ਗੁਰਮਤਿ ਵਿਚ ਬਿਬੇਕ ਦਾ ਸੰਕਲਪ ਅਤੇ ਬਿਬੇਕੀ ਰਹਿਤ

-ਹਰਪਾਲ ਸਿੰਘ ਸੇਵਕ

ਗੁਰਮਤਿ ਦਾ ਸ਼ਬਦਿਕ ਅਰਥ ਹੈ 'ਗੁਰੂ ਦੀ ਮਤਿ'। ਸਿੱਖ ਧਰਮ ਵਿਚ ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਅਤੇ ਆਪ ਦੇ ਜ਼ਾ-ਨਸ਼ੀਨ ਸਤਿਗੁਰੂ-ਸਾਹਿਬਾਨ ਦੁਆਰਾ ਦ੍ਰਿੜਾਈ ਜੀਵਨ ਜਾਚ ਨੂੰ ਗੁਰਮਤਿ ਆਖਦੇ ਹਾਂ। ਸਾਰੀ ਗੁਰਬਾਣੀ, ਗੁਰਮਤਿ ਦੀ ਵਿਆਖਿਆ ਹੀ ਹੈ,

ਗੁਰ ਕੀ ਮਤਿ ਤੂੰ ਲੇਹਿ ਇਆਨੇ॥
ਭਗਤਿ ਬਿਨਾ ਬਹੁ ਡੂਬੇ ਸਿਆਨੇ॥

ਗੁਰੂ ਦੀ ਮਤਿ ਤੋਂ ਬਿਨਾਂ ਮਨੁੱਖ ਅੰਞਾਣ ਹੀ ਹੁੰਦਾ ਹੈ-

'ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ॥
ਧੰਨੁ ਧੰਨੁ ਗੁਰੂ ਗੁਰ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ॥

(ਮ:੪- ੧੬੮)

ਇਸ ਵਾਸਤੇ ਗੁਰੂ ਸਾਹਿਬ ਨੇ- ਮਨੁੱਖ ਨੂੰ ਜੀਵਨ ਸਫਲ ਬਣਾਉਣ ਲਈ ਗੁਰੂ ਦੀ ਮਤਿ, ਗੁਰੂ ਦਾ ਉਪਦੇਸ਼ ਧਾਰਨ ਕਰਨ ਲਈ ਪ੍ਰੇਰਿਆ ਹੈ। ਨਾ ਤੇ ਗੁਰੂ, ਮਹਾਂਪੁਰਖ ਕਿਸੇ ਇਕ ਧਰਮ ਦੇ ਹੁੰਦੇ ਹਨ, ਉਹ ਸਭ ਦੇ ਸਾਂਝੇ ਹੁੰਦੇ ਹਨ ਅਤੇ ਉਨ੍ਹਾਂ ਦਾ ਉਪਦੇਸ਼ ਵੀ ਸਮੁੱਚੀ ਮਾਨਵਤਾ ਲਈ ਹੁੰਦਾ ਹੈ-

'ਪ੍ਰਥਾਇ ਸਾਖੀ ਮਹਾ ਪੁਰਖ ਬੋਲਦੇ
ਸਾਝੀ ਸਗਲ ਜਹਾਨੈ॥

(ਮ:੩- ੬੪੭)

ਗੁਰਮਤਿ ਦੀ ਵਿਆਖਿਆ ਬੜੀ ਵਿਆਪਕ ਹੈ, ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ, ਦਸਮ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿਤ ਸ੍ਵੈਯੈ, ਰਹਿਤਨਾਮੇ ਆਦਿ ਸਮੂਹ ਗ੍ਰੰਥਾਂ ਵਿਚ ਬੜੀ ਵਿਸਥਾਰ ਪੂਰਵਕ ਗੁਰਮਤਿ ਦੀ ਵਿਆਖਿਆ ਹੈ।

**ਬਿਬੇਕ:** ਗੁਰਮਤਿ ਵਿਚ ਬਿਬੇਕ ਦਾ ਸੰਕਲਪ ਬੜਾ ਭਾਵ ਪੂਰਤ ਹੈ। ਗੁਰਮਤਿ ਮਾਰਗ ਹੈ ਅਤੇ 'ਬਿਬੇਕ ਅਵਸਥਾ, ਮੰਜਿਲ ਹੈ। ਬਿਬੇਕ ਦਾ ਭਾਵ ਅਦ੍ਵੈਤ ਵੀ ਹੈ। ਬਿਬ+ਏਕ= ਬਿਬੇਕ; ਬਿਬ ਭਾਵ ਦੋ; ਪਰਮੇਸ਼ਰ ਅਤੇ ਮਾਇਆ, ਕਰਤਾ ਅਤੇ ਉਸਦੀ ਰਚਨਾ ਸਮੁੱਚੀ ਕਾਇਨਾਤ ਨੂੰ ਇਕ ਹੀ ਜਾਨਣਾ। ਗੁਰੂ ਨਾਨਕ ਦੇਵ ਜੀ ਗੁਰਬਾਣੀ ਦੇ ਅਰੰਭ ਵਿਚ ਹੀ ਲਿਖਦੇ ਹਨ। '੧ੴ ਇਹ ਸ਼ਬਦ ਉਚਾਰਨ ਵਿਚ ਹੈ- ਇਕ ਓਅੰਕਾਰ ਜੋ ਕਿ ਇਕ, ਓਅੰ ਅਤੇ ਆਕਾਰ ਦੀ ਸੰਧੀ ਹੈ। ਇਸ ਤੋਂ ਪਹਿਲਾਂ ਵੇਦਾਂ, ਪੁਰਾਣਾਂ ਵਿਚ ਓਮ ਜਾਂ ਓਅੰ ਸ਼ਬਦ ਤਾਂ ਮਿਲਦੇ ਹਨ ਜੋ ਪਰਮੇਸ਼ਰ ਦੇ ਜਾਂ ਸਿਰਜਨਹਾਰ ਦੇ ਵਾਸਤੇ ਵਰਤੇ ਗਏ ਹਨ ਪਰ ੧ੴ ਸ਼ਬਦ ਪਹਿਲੀ ਵੇਰ ਗੁਰੂ ਨਾਨਕ ਦੇਵ ਜੀ ਵਰਤ ਰਹੇ ਹਨ ਜਿਸ ਵਿਚ ੧ ਅੱਖਰੀ ਸ਼ਬਦ ਨਹੀਂ ਲਿਖਿਆ ਸਗੋਂ ਹਿੰਸੇ (ਨੁਮੈਰੀਕਲ) ਵਿਚ ਲਿਖਿਆ ਹੈ ਕਿਉਂਕਿ ਕਈ ਵੇਰ ਅੱਖਰੀਂ ਲਿਖੇ ਦੇ ਦੋ ਅਰਥ ਹੋ ਸਕਦੇ ਹਨ ਜਿਵੇਂ ਸੱਤ ਦਾ ਭਾਵ 7 ਵੀ ਅਤੇ ਸੱਚ ਵੀ ਹੋ ਸਕਦਾ ਹੈ ਅਤੇ ਨਉਂ ਨੂੰ 9 ਜਾ ਨਾਉਂ ਭਾਵ ਨਾਮ ਵੀ ਸਮਝਿਆ ਜਾ ਸਕਦਾ ਹੈ ਪਰ ਹਿੰਸਿਆਂ ਵਿਚ ਲਿਖੇ ਦਾ ਅਰਥ ਸਪਸ਼ਟ ਹੋਵੇਗਾ ੧ ਭਾਵ ਇਕ ਹੀ ਹੈ। ਓ= ਓਅੰ ਭਾਵ ਕਾਦਰ, ਕਰਤਾ ਪੁਰਖ ਅਤੇ, ਆਕਾਰ ਭਾਵ ਉਸ ਕਾਦਰ ਦੀ ਸਮੁੱਚੀ ਰਚਨਾ। ੧ੴ= ਇਕ ਓਅੰਕਾਰ ਲਿਖ ਕੇ ਗੁਰੂ ਸਾਹਿਬ ਸਪਸ਼ਟ ਕਰਦੇ ਹਨ ਕਿ ਕਾਦਰ ਅਤੇ ਉਸਦੀ ਸਮੁੱਚੀ ਕਾਇਨਾਤ ਇਕ ਹੀ ਹੈ ਕਿਉਂਕਿ ਕਰਤਾ-ਪੁਰਖ ਨੇ ਆਪਣੇ ਤੋਂ ਹੀ ਸਾਰਾ ਪਸਾਰਾ ਕੀਤਾ ਹੈ। ਜੋ ਕਿ ਆਪ ਸਤਿ-ਸਰੂਪ ਹੈ ਅਤੇ ਉਸਦਾ ਸਮੁੱਚਾ ਪਸਾਰਾ ਵੀ ਉਸੇ ਦਾ ਰੂਪ ਹੈ-

ਆਪਿ ਸਤਿ ਕੀਆ ਸਭੁ ਸਤਿ॥
ਅਤੇ
ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ ਹਰਿ ਰੂਪ ਨਦਰੀ ਆਇਆ॥

(ਮ:੩- ੯੨੭)

ਬੇਸ਼ੱਕ ਮੂਲ-ਮੰਤਰ ਦੇ ਅਰਥ ਕਰਦਿਆਂ ਸਾਧਾਰਨ ਰੂਪ ਵਿਚ ਇਹੋ ਅਰਥ ਕੀਤੇ ਜਾਂਦੇ ਹਨ ਕਿ- ਪਰਮਾਤਮਾ ਇਕ ਹੈ, ਉਸਦਾ ਨਾਮ ਸਤਿ ਹੈ, ਉਹ ਕਰਤਾ ਹੈ, ਰਚਨਹਾਰ ਹੈ ਸਮੁੱਚੀ ਕਾਇਨਾਤ ਦਾ (ਉਹ ਸਰਬ ਸ਼ਕਤੀਮਾਨ ਹੈ) ਇਸ ਲਈ ਨਾ ਹੀ ਉਸਨੂੰ ਕਿਸੇ ਦਾ ਡਰ ਹੈ। (ਨਾ ਕੋਈ ਉਸਦਾ ਸ਼ਰੀਕ ਹੈ) ਇਸ ਲਈ ਪਰਮੇਸ਼ਰ ਦਾ ਕਿਸੇ ਨਾਲ ਵੈਰ ਵੀ ਨਹੀਂ। ਉਹ ਸਮੇਂ ਦੇ

ਬੰਧਨ ਵਿਚ ਨਹੀਂ, (ਉਸਦੀ ਸਮੁੱਚੀ ਦ੍ਰਿਸਮਾਨ ਰਚਨਾ ਸਮੇਂ ਦੀ ਸੀਮਾਂ ਵਿਚ ਹੈ) ਉਹ ਅਕਾਲ ਹੈ, ਸਮੇਂ ਦੀ ਸੀਮਾਂ ਤੋਂ ਮੁਕਤਿ ਉਸਦੀ ਮੂਰਤਿ ਹੈ। ਪਰਮੇਸ਼ਰ ਅਜੂਨੀ ਹੈ, ਜੂਨ ਵਿਚ ਨਹੀਂ ਆਉਂਦਾ ਸਭ ਵਿਚ ਵਿਆਪਕ ਹੁੰਦਿਆਂ ਹੋਇਆਂ ਵੀ ਨਿਰਪੇਖ ਰਹਿੰਦਾ ਹੈ। ਉਸਦਾ ਕੋਈ ਰਚਨਹਾਰ ਨਹੀਂ। ਪਰਮੇਸ਼ਰ ਆਪਣੇ ਹੀ ਨਿਰਾਕਾਰ ਸਰੂਪ ਤੋਂ, ਸਵੈ ਤੋਂ ਸਾਕਾਰ ਰੂਪ ਧਾਰਦਾ ਹੈ, ਨਾਨਾ ਪ੍ਰਕਾਰ ਦੀ ਰਚਨਾ ਖੰਡ-ਬ੍ਰਹਿਮੰਡ, ਜੀਵ-ਜੰਤ, ਬਨਸਪਤੀ ਰਚਦਾ ਹੈ। ਉਸਦੀ ਪ੍ਰਾਪਤੀ ਕੇਵਲ ਗੁਰੂ ਦੀ ਕਿਰਪਾ ਦੁਆਰਾ ਹੀ ਹੁੰਦੀ ਹੈ। ਗੁਰਬਾਣੀ ਵਿਚ ਜੋ ਤਾਰੀਫ ਪਰਮੇਸ਼ਰ ਦੀ ਕੀਤੀ ਗਈ ਹੈ ਉਹੋ ਸਿਫਤਾਂ ਪੂਰੇ ਗੁਰੂ ਵਿਚ ਲਿਖੀਆਂ ਹਨ।

'ਸਤਿ ਪੁਰਖੁ ਜਿਨਿ ਜਾਣਿਆ,
ਸਤਿਗੁਰ ਤਿਸਕਾ ਨਾਉ।'
'ਸੋਈ ਸਤਿਗੁਰ ਪੁਰਖ ਹੈ
ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ।'
'ਸੋ ਸਤਿਗੁਰ ਜਿਸ ਰਿਦੈ ਹਰਿ ਨਾਉ।'

ਜੋ ਪ੍ਰਮੇਸ਼ਰ ਨਾਲ ਅਭੇਦ ਹੈ, ਜਿਸਨੇ ਪ੍ਰਭੂ ਨੂੰ ਜਾਣ ਲਿਆ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਸ਼ੇ-ਵਿਕਾਰ ਜਿਸਦੇ ਵੱਸ ਵਿਚ ਹਨ। ਉਹ ਸਤਿ-ਪੁਰਖੁ ਸਤਿਗੁਰੂ ਹੈ। ਜਿਸਦੇ ਹਿਰਦੇ ਵਿਚ ਹਰੀ ਦਾ ਨਾਮ ਹੈ, ਉਹ ਸਿਸ਼੍ਰਟੀ ਦੇ ਕਲਿਆਣ ਵਾਸਤੇ ਨਾਮ ਦੀ ਦਾਤ ਦੇਂਦਾ ਹੈ-

ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥
ਸਿਰੀ ਰਾਗ ਮ:੪ ਅੰਗ ੪੦

ਰਾਗ ਗਉੜੀ ਵਿਚ ਗੁਰੂ ਅਰਜਨ ਦੇਵ ਜੀ ਸਤਿ-ਪੁਰਖ, ਪਰਮੇਸ਼ਰ ਨੂੰ ਪੂਰਨ ਬਿਬੇਕ ਲਿਖਦੇ ਹਨ-

ਜਿਹਬਾ ਏਕ ਉਸਤਤਿ ਅਨੇਕ॥
ਸਤਿ ਪੁਰਖ ਪੂਰਨ ਬਿਬੇਕ॥
ਕਾਹੂ ਬੋਲ ਨ ਪਹੁਚਤ ਪ੍ਰਾਨੀ॥
ਅਗਮ ਅਗੋਚਰ ਪ੍ਰਭ ਨਿਰਬਾਨੀ॥
ਨਿਰਾਹਾਰ ਨਿਰਵੈਰ ਸੁਖਦਾਈ॥
ਤਾ ਕੀ ਕੀਮਤਿ ਕਿਨੈ ਨ ਪਾਈ॥
ਅਨਿਕ ਭਗਤ ਬੰਦਨ ਨਿਤ ਕਰਹਿ॥
ਚਰਨ ਕਮਲ ਹਿਰਦੈ ਸਿਮਰਹਿ॥
ਸਦ ਬਲਿਹਾਰੀ ਸਤਿਗੁਰ ਅਪਨੇ॥
ਨਾਨਕ ਜਿਸ ਪ੍ਰਸਾਦਿ ਐਸਾ ਪ੍ਰਭ ਜਪਨੇ॥

ਪੂਰਨ ਬਿਬੇਕ ਪ੍ਰਮੇਸ਼ਰ ਹੈ। ਸਤਿਗੁਰੂ ਅਤੇ ਪਰਮੇਸ਼ਰ ਵਿਚ ਕੋਈ ਭੇਦ ਨਹੀਂ। ਰਾਗ ਨਟ ਮ:੪ ਵਿਚ ਸਤਿਗੁਰੂ ਨੂੰ ਵੀ, ਬਿਬੇਕ ਅਤੇ ਸਮਦਰਸੀ ਲਿਖਿਆ ਹੈ। ਜਿਥੇ ਦ੍ਵੈਤ ਹੈ ਉਥੇ ਬਿਬੇਕ ਨਹੀਂ ਇਸ ਲਈ ਸਮਦਰਸੀ ਹੀ ਬਿਬੇਕ ਹੋ ਸਕਦਾ ਹੈ-

ਬਿਬੇਕ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ॥
ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ॥

ਭਾਈ ਗੁਰਦਾਸ ਜੀ ਆਪਣੇ ਇਕ ਕਬਿੱਤ ਵਿਚ ਪੂਰਨ-ਬ੍ਰਹਮ, ਗੁਰੂ ਅਤੇ ਉਸਦੀ ਰਚਨਾ ਨੂੰ ਇਕ ਰੂਪ ਹੀ ਲਿਖਦੇ ਹਨ। ਆਪ ਬਹੁਤ ਸੁੰਦਰ ਪ੍ਰਮਾਣ ਦੇਂਦੇ ਹਨ ਕਿ ਜਿਵੇਂ ਪਾਣੀ ਵਿਚ ਧਰਤੀ ਹੈ ਅਤੇ ਧਰਤੀ ਵਿਚ ਪਾਣੀ ਹੈ। ਧਰਤੀ ਵਿਚ ਖੂਹ ਪੁੱਟ ਕੇ ਨਿਰਮਲ ਜਲ ਪ੍ਰਾਪਤ ਹੁੰਦਾ ਹੈ। ਉਸੇ ਮਿੱਟੀ ਪਾਣੀ ਤੋਂ ਘੜੇ ਬਣਦੇ ਹਨ ਜਿਨਾਂ ਵਿਚ ਪਾਣੀ ਸਮਾਉਂਦਾ ਹੈ। ਪਾਣੀ ਦੇ ਭਰੇ ਸਾਰੇ ਘੜਿਆਂ ਵਿਚ ਕੋਈ ਵੇਖੇ ਤਾਂ ਸਾਰਿਆਂ ਵਿਚ ਉਹੋ ਪ੍ਰਤੀ ਬਿੰਬ ਹੀ ਨਜ਼ਰ ਆਵੇਗਾ। ਇਸੇ ਤਰ੍ਹਾਂ ਪੂਰਨ ਬ੍ਰਹਮ ਇਕ ਗੁਰੂ ਦੇ ਰੂਪ ਵਿਚ ਅਤੇ ਸਮੁੱਚੀ ਰਚਨਾ ਦੇ ਵਿਚ ਸਮੋਇਆ ਹੋਇਆ ਹੈ। ਇਸ ਲਈ ਕਾਦਰ ਅਤੇ ਕੁਦਰਤਿ ਨੂੰ ਇਕ ਰੂਪ ਜਾਣਨਾ, ਸਮ-ਦ੍ਰਿਸ਼ਟੀ ਹੀ ਬਿਬੇਕ ਅਵਸਥਾ ਹੈ-

ਸਲਿਲ ਮੈ ਧਰਨਿ ਧਰਨਿ ਮੈ ਸਲਿਲ
ਜੈਸੇ ਕੂਪ ਅਨਰੂਪ ਕੈ ਬਿਮਲ ਜਲ ਛਾਏ ਹੈ॥
ਤਾਹੀ ਜਲ ਮਾਟੀ ਕੈ ਬਨਾਈ ਘਟਿਕਾ ਅਨੇਕ
ਏਕੈ ਜਲੁ ਘਟ ਘਟ ਘਟਿਕਾ ਸਮਾਏ ਹੈ॥
ਜਾਹੀ ਜਾਹੀ ਘਟਿਕਾ ਮੈ ਦ੍ਰਿਸਟੀ ਕੈ ਦੇਖੀਅਤ
ਪੇਖੀਅਤ ਆਪਾ ਆਪੁ ਆਨ ਨ ਦਿਖਾਏ ਹੈ॥
ਪੂਰਨ ਬ੍ਰਹਮ ਗੁਰ ਏਕੰਕਾਰ ਕੈ ਅਕਾਰ
ਬ੍ਰਹਮ ਬਿਬੇਕ ਏਕ ਏਕ ਠਹਿਰਾਏ ਹੈ॥

ਮਹਾਨ ਕੋਸ਼ ਅਨੁਸਾਰ 'ਬਿਬੇਕ' ਸ਼ਬਦ ਦੇ ਅਰਥ ਹਨ:

ਬਿਬੇਕ: ਵਿਵੇਕ, ਵਸੁ ਦੇ ਠੀਕ ਸਵਰੂਪ ਦਾ ਨਿਸ਼ਚਯ ਕਰਨਾ।

ਵਿਚਾਰੋ: ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ।

2 ਸਿੱਖ-ਧਰਮ ਦੇ ਨਿਯਮਾਂ ਦੀ ਦ੍ਰਿੜ ਧਾਰਣਾ

3. ਧਾਰਮਿਕ ਫੈਸਲਾ

ਇਸਦੇ ਨਾਲ ਹੀ 'ਬਿਬੇਕ, ਨਾਲ ਕੁਝ ਪਛੇਤਰ ਲੱਗੇ ਸ਼ਬਦ ਵੀ ਕੋਸ਼ ਵਿਚ ਦਰਜ ਹਨ।

-ਬਿਬੇਕਸਰ: ਦੇਖੋ ਅੰਮ੍ਰਿਤਸਰ

-ਬਿਬੇਕਦੀਪ: ਵਿਚਾਰ ਰੂਪ ਦੀਵਾ, ਗਿਆਨ ਦੀ ਰੌਸ਼ਨੀ, 'ਬਿਬੇਕ ਬੁਧਿ ਮਲੀਨ, ਰਵਿਦਾਸ

-ਬਿਬੇਕ ਵਾਰਧਿ: ਰਹਿਤਨਾਮਾ

ਬਿਬੇਕ ਬੁਧਿ, ਬਿਬੇਕ ਬੁਧੀ: ਵਿਵੇਕ ਬੁਧੀ, ਵੀਚਾਰ ਬੁਧੀ, ਯਦਾਰਥ ਜਾਨਣ ਦੀ ਸਮਝ, ਸਤਯ-ਅਸਤਯ ਦਾ ਵਿਚਾਰ, ਪ੍ਰਾਕਿਰਤੀ ਅਤੇ ਬ੍ਰਹਮ ਦਾ ਯਥਾਰਥ, ਗਿਆਨ, 'ਬਿਬੇਕ ਬੁਧਿ ਸਤਿਗੁਰ ਤੇ ਪਾਈ' ਟੋਡੀ ਮ:੪, ਵਿਵੇਕ ਬੁਧੀ ਵਾਲਾ, ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ- (ਸੂਹੀ ਛੰਤ ਮ:੩) ਰਾਤ੍ਰੀ ਤੋਂ ਭਾਵ ਅਵਸਥਾ ਹੈ।

ਮਹਾਨ ਕੋਸ਼ ਵਿਚ ਗੁਰਬਾਣੀ ਵਿਚ ਅਤੇ ਗੁਰਮਤਿ ਸਿਧਾਂਤ (ਰਹਿਤਨਾਮਿਆਂ) ਵਿਚ ਵਾਰ-ਵਾਰ ਆਏ ਬਿਬੇਕ ਸ਼ਬਦ ਦੀ ਵਿਆਖਿਆ ਬੜੀ ਵਿਆਪਕ ਹੈ।

ਬਿਬੇਕ ਦਾ ਭਾਵ ਗਿਆਨਵਾਨ, ਵਿਵੇਕਸ਼ੀਲ, ਸਦਾਚਾਰ, ਰਜੋ ਤਮੋ ਸਤੋ ਤੋਂ ਨਿਰਲੇਪ, ਅਦਵੈਤ, ਸਮਦ੍ਰਿਸ਼ਟਾ ਅਤੇ ਬ੍ਰਹਮ ਗਿਆਨੀ ਆਦਿ ਹੋ ਸਕਦਾ ਹੈ। ਪੁਰਾਤਨ ਸਮੇਂ ਤੋਂ ਕਈ ਨਿਤਨੇਮੀ ਅਤੇ ਰਹਿਤ ਮਰਯਾਦਾ ਦੇ ਧਾਰਣੀ ਗੁਰਸਿੱਖਾਂ ਨੂੰ ਵੀ 'ਬਿਬੇਕੀ ਸਿੰਘ, ਕਿਹਾ ਜਾਂਦਾ ਹੈ।

ਮਹਾਨ ਕੋਸ਼ ਵਿਚ 'ਬਿਬੇਕੀ, ਸ਼ਬਦ ਦੀ ਵਿਆਖਿਆ ਹੈ:'

1 ਵਿਚਾਰਵਾਨ, ਵਸਤੂ ਦੀ ਅਸਲੀਅਤ ਜਾਨਣ ਵਾਲਾ,

2 ਸਿੱਖ ਧਰਮ ਦੇ ਨਿਯਮਾਂ ਦੀ ਦ੍ਰਿੜ ਧਾਰਨਾ ਵਾਲਾ, ਸ੍ਵਯੰਪਾਕੀ ਨੂੰ ਵੀ ਬਿਬੇਕੀ ਆਖਦੇ ਹਨ।

ਇਸਦੇ ਨਾਲ ਹੀ ਇਕ ਹੋਰ ਸ਼ਬਦ ਹੈ 'ਅਬਿਬੇਕ: ਅਵਿਵੇਕ, ਵਿਚਾਰ ਦਾ ਅਭਾਵ ਬੇਸਮਝੀ, ਨਾਦਾਨੀ', ਅਬਿਬੇਕ ਹੈ ਤਿਹ ਨਾਉਂ॥ ਤਵ ਹੀਯ ਮੈ ਤਿਹ ਠਾਉ॥

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਨ ਤੋਂ ਬਾਅਦ, ਸਿੱਖੀ ਆਚਰਨ, ਸਿੱਖੀ ਰਹਿਣੀ, ਜੀਵਨ ਜਾਚ ਦੇ ਜੋ ਨੇਮ ਨਿਰਧਾਰਤ ਕੀਤੇ ਗਏ ਉਨ੍ਹਾਂ ਨੇਮਾਂ ਅਨੁਸਾਰ ਜੀਵਨ ਜੀਊਣ ਵਾਲੇ ਨੂੰ ਬਿਬੇਕੀ ਕਿਹਾ ਜਾਂਦਾ ਹੈ। ਇਹ ਗੁਰਮਤਿ ਦੇ ਨੇਮ, ਮਨ ਅਤੇ ਸਰੀਰ ਕਰਕੇ, ਦੋਹਾਂ ਤਰ੍ਹਾਂ ਦੇ ਹਨ। ਜਿਵੇਂ ਮਨ ਕਰਕੇ ਸਿਮਰਨ ਕਰਨਾ ਅਤੇ ਰਸਨਾ ਕਰਕੇ (ਸਰੀਰ ਕਰਕੇ) ਨਾਮ ਜੱਪਣਾ, ਬਾਣੀ ਪੜਨੀ, ਕੀਰਤਨ ਕਰਨਾ ਆਦਿ। ਸਰੀਰ ਕਰਕੇ ਕਿਰਤ ਕਰਨੀ, ਪਰ ਮਨ ਕਰਕੇ ਸੁੱਚੀ ਕਿਰਤ ਕਰਨੀ, ਛਲ, ਕਪਟ ਆਦਿ ਨਾਲ ਨਹੀਂ ਕਰਨੀ। ਸਰੀਰ ਕਰਕੇ ਵੰਡ ਕੇ ਛਕਣਾ ਭਾਵ ਦਾਨ ਕਰਨਾ ਪਰ ਮਨ ਕਰਕੇ ਕਮਾਇਆ ਧਨ ਪਦਾਰਥ ਸਤਿਗੁਰੂ ਦਾ ਬਖਸ਼ਿਆ ਸਮਝਕੇ ਦਾਨ ਕਰਨਾ, ਹੰਕਾਰ ਨਹੀਂ ਕਰਨਾ ਕਿਉਂਕਿ ਜੇਕਰ ਦਾਨ ਕਰਕੇ ਹੰਕਾਰ ਆ ਗਿਆ ਤਾਂ ਗੁਰੂ ਤੇਗ ਬਹਾਦਰ ਸਮਝਾਉਂਦੇ ਹਨ-

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨ॥
ਨਾਨਕ ਨਿਹਫਲ ਜਾਤ ਤਿਹਿ ਜਿਉ ਕੁੰਚਰ ਇਸਨਾਨੁ॥

ਇਸ ਕਰਕੇ ਗੁਰਮਤਿ ਵਿਚ ਮਨ ਅਤੇ ਸਰੀਰ ਦੋਹਾਂ ਤਰ੍ਹਾਂ ਦੀ ਬਿਬੇਕ, ਰਹਿਤ ਮਰਯਾਦਾ ਦ੍ਰਿੜਾਈ ਗਈ ਹੈ।

ਮਨ ਦੀ ਰਹਿਤ ਹੈ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਹਰ ਤਰ੍ਹਾਂ ਦੇ ਵਿਸ਼ੇ ਵਿਕਾਰਾਂ ਤੋਂ ਬਚਨਾ ਅਤੇ ਸੱਤ, ਸੰਤੋਖ, ਦਇਆ, ਧਰਮ, ਪ੍ਰੇਮ, ਵੈਰਾਗ, ਤਿਆਗ ਆਦਿ ਸਦ ਗੁਣਾਂ ਦੇ ਧਾਰਣੀ ਹੋਣਾ।

ਤਨ ਦੀ ਰਹਿਤ ਹੈ, 'ਜਿਨੀ ਵੇਸੀਂ ਸਹੁ ਮਿਲੈ ਸੇਈ ਵੇਸ ਕਰੇਉ।'

ਭਾਵ ਕਿ ਉਹ ਭੇਖ ਧਾਰਨ ਕਰ, ਜੋ ਗੁਰੂ ਨੂੰ ਪ੍ਰਵਾਨ ਹੋਵੇ। ਗੁਰਮਤਿ ਵਿਚ ਪੰਜ ਕਕਾਰ ਦੇ ਧਾਰਣੀ ਹੋਣਾ। ਗੁਰਮੁਖੀ ਬਾਣਾ ਪਹਿਨਣਾ। ਗੁਰਮਤਿ ਵਿਚ ਪ੍ਰਵਾਨ ਭੋਜਨ ਹੀ ਛਕਣਾ।

ਰਹਿਤਨਾਮਿਆਂ ਵਿਚ ਦਸਮ ਪਾਤਸ਼ਾਹ ਦਾ ਹੁਕਮ ਲਿਖਿਆ ਹੈ-

ਜਾ ਕੀ ਰਹਿਤ ਨਾ ਜਾਣੀਐ ਗੁਰ ਮੰਤਰ ਨਹੀਂ ਚੀਤਿ॥
ਉਨ ਕਾ ਭੋਜਨ ਖਾਇਕੈ ਵਿਸਰੈ ਹਰਿ ਸਿਉ ਪ੍ਰੀਤਿ॥

ਜੋ ਰਹਿਤ ਮਰਯਾਦਾ ਦਾ ਧਾਰਨੀ ਨਹੀਂ, ਅੰਮ੍ਰਿਤਧਾਰੀ ਨਹੀਂ ਅਤੇ ਜੋ ਗੁਰ-ਮੰਤ੍ਰ ਵਿਹੂਣਾ ਹੈ ਭਾਵ ਨਿਗੁਰਾ ਹੈ। ਉਸ ਪਾਸੋਂ ਭੋਜਨ ਖਾਣ ਨਾਲ ਹਰੀ ਨਾਲੋਂ, ਭਗਵਾਨ ਨਾਲੋਂ, ਸਤਿਗੁਰੂ ਨਾਲੋਂ ਮਨ ਦੀ ਪ੍ਰੀਤਿ ਵਿਸਰ ਜਾਂਦੀ ਹੈ।

ਬੇਸ਼ੱਕ ਕੇਵਲ ਬਾਹਰੀ ਰਹਿਤ ਅਤੇ ਬਾਣੇ ਦੇ ਧਾਰਣੀ ਕੇਵਲ ਭੇਖੀ-ਸਿੱਖ ਹੁੰਦੇ ਹਨ ਜੋ ਗੁਰਮਤਿ ਵਿਚ ਪ੍ਰਵਾਨ ਨਹੀਂ।ਇਸ ਲਈ ਮਨ ਦੀ ਰਹਿਤ ਉਸ ਤੋਂ ਵੀ ਵੱਧ ਜਰੂਰੀ ਹੈ।

ਜਿਵੇਂ ਸਿੱਖਾਂ ਵਿਚ ਰਹਿਤ ਮਰਯਾਦਾ ਹੈ, ਮੁਸਲਮਾਨਾਂ ਵਿਚ ਸ਼ਰ੍ਹਾ ਹੁੰਦੀ ਹੈ। ਇਕ ਫਕੀਰ ਮਹਿਮੂਦ

ਸ਼ਾਵਿਤਰੀ ਦਾ ਕਥਨ ਹੈ- 'ਸ਼ਗ੍ਰਾ, ਫਲ ਦੀ ਛਿੱਲੜ ਵਾਂਗ ਹੈ, ਜੋ ਖਾਣ ਦੇ ਕੰਮ ਤੇ ਨਹੀਂ ਆਉਂਦੀ ਪਰ ਉਹ ਫਲ ਦੀ ਰੱਖਿਆ ਕਰਦੀ ਹੈ।

ਕੇਲਾ, ਸੇਬ, ਪਿਆਜ਼ ਛਿੱਲ ਕੇ ਰੱਖ ਦਿਉ, ਥੋੜੇ ਚਿਰ ਵਿਚ ਖਰਾਬ ਹੋ ਜਾਵੇਗਾ। ਏਸੇ ਤਰ੍ਹਾਂ ਬਾਹਰੀ ਰਹਿਤ ਭੇਖ ਹੈ, ਪਰ ਇਕ ਅਨੁਸ਼ਾਸਨ ਹੈ, ਨੇਮ ਬੱਧ ਹੋਣਾ ਹੈ ਜਿਵੇਂ ਕਿਸੇ ਦੇਸ ਦੀ ਫੌਜ਼ ਦੇ ਆਪਣੇ ਆਪਣੇ ਨੇਮ, ਵਰਦੀ ਅਤੇ ਆਪੋ ਆਪਣੇ ਝੰਡੇ ਹੁੰਦੇ ਹਨ। ਅੰਤਰੀਵ ਧਰਮ ਦੀ ਸੁਰੱਖਿਆ ਲਈ ਬਾਹਰੀ ਰਹਿਤ ਵੀ ਓਨੀਂ ਹੀ ਮਹੱਤਵਪੂਰਨ ਹੈ। ਜਦ ਤੱਕ ਜੀਵ-ਆਤਮਾ ਸਰੀਰ ਵਿਚ ਹੈ, ਮਨ ਅਤੇ ਸਰੀਰ ਕਰਕੇ ਸੱਚੇ-ਸੁੱਚੇ ਹੋਣਾ, ਸਵੱਛ ਹੋਣਾ, ਇਕੋ ਜਿਨਾਂ ਜਰੂਰੀ ਹੈ। ਜਨਮ ਸਾਖੀਆਂ ਵਿਚ ਇਕ ਕਥਾ ਹੈ। ਉਦਾਸੀਆਂ ਸਮੇਂ ਗੁਰੂ ਨਾਨਕ ਦੇਵ ਇਕ ਨਿਰਮਲ ਜਲ ਦੇ ਤਲਾਅ ਤੇ ਇਸ਼ਨਾਨ ਕਰ ਰਹੇ ਸਨ। ਇਕ ਹੋਰ ਸਾਧੂ ਨੇ ਆ ਕੇ ਸਵਾਲ ਕੀਤਾ- ਨਾਨਕ ਤਪਾ, ਤੁਸੀਂ ਤਾਂ ਬ੍ਰਹਮ ਗਿਆਨੀ ਹੋ, ਫਿਰ ਤੁਹਾਨੂੰ ਇਸ਼ਨਾਨ ਦੀ ਕੀ ਲੋੜ ਹੈ? ਗੁਰੂ ਸਾਹਿਬ ਨੇ ਬਚਨ ਕੀਤਾ, ਠੀਕ ਹੈ ਮੈਨੂੰ ਇਸ਼ਨਾਨ ਦੀ ਲੋੜ ਨਹੀਂ ਪਰ ਇਸ ਪੰਜ ਤੱਤ ਦੀ ਦੇਹ ਨੂੰ ਸਾਫ ਰੱਖਣ ਲਈ ਇਸ਼ਨਾਨ ਜਰੂਰੀ ਹੈ। ਬੇਸ਼ਕ- ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥ ਪਰ ਫੇਰ ਵੀ ਸਿੱਖ ਵਾਸਤੇ ਜਰੂਰੀ ਹੈ-

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ
ਮਨ ਤਨ ਭਏ ਅਰੋਗਾ।

ਤਨ ਦੀ ਸਵੱਛਤਾ, ਨਿਰਲਤਾ ਲਈ ਇਸ਼ਨਾਨ ਅਤੇ ਮਨ ਦੀ ਨਿਰਮਲਤਾ ਲਈ ਸਿਮਰਨ ਕਰਨਾ ਪਰ ਪਹਿਲੋਂ ਇਸ਼ਨਾਨ ਕਰਕੇ, ਪਵਿੱਤਰ ਹੋ ਕੇ, ਸਿਮਰਨ ਦੀ, ਨਿਤਨੇਮ ਦੀ, ਕੀਰਤਨ ਦੀ ਮਰਯਾਦਾ ਹੈ। ਇਸੇ ਲਈ ਗੁਰਮੁਖ ਸਿੱਖ ਬਾਰੇ ਗੁਰਵਾਕ ਹੈ-

ਗੁਰਮੁਖਿ ਨਾਮੁ ਦਾਨੁ ਇਸਨਾਨੁ॥
ਗੁਰਮੁਖਿ ਲਾਗੈ ਸਹਜਿ ਧਿਆਨੁ॥

ਗੁਰਮਤਿ ਵਿਚ ਉਸ ਤਰ੍ਹਾਂ ਦੇ ਖਾਣ, ਪਹਿਨਣ, ਅਤੇ ਸੌਣ ਤੋਂ ਵਰਜਿਆ ਹੈ ਜਿਸ ਨਾਲ ਮਨ ਵਿਚ ਵਿਕਾਰ ਪੈਦਾ ਹੋਣ ਅਤੇ ਸਰੀਰ ਰੋਗੀ ਹੋ ਜਾਵੇ ਕਿਉਂਕਿ ਗੁਰਮਤਿ ਦਾ ਸੰਕਲਪ, ਮਨ-ਤਨ ਦੋਹਾਂ ਦੀ ਅਰੋਗਤਾ ਅਤੇ ਸਵੱਛਤਾ ਹੈ।- ਸਿਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਹੈ-

- ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ॥
- ਬਾਬਾ ਹੋਰ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ॥

ਗੁਰਮਤਿ ਵਿਚ ਮਨ ਅਤੇ ਸਰੀਰ ਦੋਹਾਂ ਦੀ ਬਿਬੇਕ ਦ੍ਰਿੜਾਈ ਗਈ ਹੈ। ਇਸੇ ਲਈ ਬਿਬੇਕ ਦਾ, ਰਹਿਣੀ ਦਾ, ਰਹਿਤ ਮਰਯਾਦਾ ਦਾ ਏਡਾ ਮਹੱਤਵ ਹੈ ਕਿ-

ਰਹਿਤ ਰਹਤ ਸਮ ਸਿਖ ਜੋ ਸੋ ਮੇਰੋ ਰੂਪਾਇ॥
ਵਾ ਮੈ, ਮੋ ਮੈ ਭੇਦ ਨਹਿ, ਮਮ ਸਰੂਪ ਹੋਇ ਜਾਇ॥

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਨ ਤੋਂ ਬਾਅਦ ਸਿੱਖਾਂ ਨੂੰ ਸਿੰਘ ਸਜਾ ਕੇ ਖਾਲਸੇ ਵਾਸਤੇ ਰਹਿਤ ਦੇ ਨੇਮ ਨਿਰਧਾਰਤ ਕੀਤੇ। ਜਿਸ ਬਾਰੇ ਆਪ ਜੀ ਦੇ ਨਜ਼ਦੀਕੀ ਅਤੇ ਉਸਤੋਂ ਬਾਅਦ ਦੇ ਵੀ ਕਈ ਗੁਰਸਿੱਖਾਂ ਨੇ ਰਹਿਤਨਾਮੇਂ, ਤਨਖਾਨਨਾਮੇਂ, ਪ੍ਰਸਨੋਤਰ ਆਦਿ ਲਿਖੇ, ਜਿਨ੍ਹਾਂ ਚੋਂ ਬਹੁਤ ਸਾਰੇ ਸ. ਪਿਆਰਾ ਸਿੰਘ ਪਦਮ ਨੇ 'ਰਹਿਤਨਾਮੇ, ਪੁਸਤਕ ਵਿਚ ਇਕੱਤਰ ਕਰਕੇ ਛਪਵਾਏ ਹਨ। ਪਰ ਇਨ੍ਹਾਂ ਰਹਿਤਨਾਮਿਆਂ ਵਿਚ ਲਿਖੀ ਰਹਿਤ ਮਰਯਾਦਾ ਬਾਰੇ ਚਰਚਾ ਕਰਨ ਤੋਂ ਪਹਿਲੋਂ ਦਸਮ ਗੁਰੂ ਗ੍ਰੰਥ ਸਾਹਿਬ ਵਿਚ ਬਿਬੇਕ ਦੀ ਵਿਸਤ੍ਰਿਤ ਵਿਆਖਿਆ ਵਿਚੋਂ ਸੰਖੇਪ ਚਰਚਾ ਕਰਦੇ ਹਾਂ।

ਜਿਨ੍ਹਾਂ ਪੌਰਾਣਿਕ ਕਥਾਵਾਂ ਦਾ ਆਦਿ ਗੁਰਬਾਣੀ ਵਿਚ ਸੰਕੇਤਕ ਜਿਕਰ ਹੈ, ਉਨ੍ਹਾਂ ਪਰਸੰਗਾਂ ਦੀ ਦਸਮ ਗੁਰਬਾਣੀ ਵਿਚ ਵਿਸਥਾਰ ਸਹਿਤ ਵਿਆਖਿਆ ਪੜ੍ਹਨ ਨੂੰ ਮਿਲਦੀ ਹੈ। ਜਿਵੇਂ-

ਹਰਿ ਹਰਿ ਕਰਤ ਪੂਤਨਾ ਤਰੀ॥
ਬਾਲ ਘਾਤਨੀ ਕਪਟਹਿ ਭਰੀ॥
ਸਿਮਰਨ ਦ੍ਰੋਪਦ ਸੁਤ ਉਧਰੀ॥
ਗਉਤਮ ਸਤੀ ਸਿਲਾ ਨਿਸਤਰੀ॥
ਗੌਂਡ ਭਗਤ ਨਾਮਦੇਵ ਅੰਗ ੮੭੪
ਅਤੇ

'ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥

ਆਸਾ ਮ:੪-੪੫੧

ਚਲਦਾ.........

# ਨਾ ਦਰਸ਼ਣ ਦੇ ਹੈਂ ਨਾ ਦਰਸ਼ਣ ਲੇ ਹੈਂ — ਜਿਸੁ ਡਿਠੇ ਸਭੁ ਦੁਖੁ ਜਾਇ

## (ਅੱਠਵੇਂ ਪਾਤਸ਼ਾਹ ਦੇ ਆਗਮਨ ਪੁਰਬ 'ਤੇ ਵਿਸ਼ੇਸ਼)

—ਪ੍ਰੋ. ਅਵਤਾਰ ਸਿੰਘ

ਮਨੁੱਖ ਜਦ ਕਿਸੇ ਨਿਰਾਕਾਰ ਬਾਬਤ ਸੋਚਣ ਲੱਗਦਾ ਹੈ ਤਾਂ ਉਹਨੂੰ ਅਕਾਰ ਵਿੱਚ ਹੀ ਸੋਚਦਾ ਹੈ। ਇਹ ਮਾਨਵੀ ਮਜਬੂਰੀ ਅਤੇ ਫ਼ਿਤਰਤ ਹੈ। ਸਨਾਤਨ ਮੱਤ ਅਨੁਸਾਰ ਨਿਰਗੁਣ ਬ੍ਰਹਮ ਦਾ ਸੰਬੋਧ ਰੂਪ ਸਰਗੁਣ ਹੋ ਜਾਂਦਾ ਹੈ, ਜਿਹਨੂੰ ਈਸ਼ਵਰ ਕਿਹਾ ਜਾਂਦਾ ਹੈ, ਜਿਹੜਾ ਨਿਰਗੁਣ ਬ੍ਰਹਮ ਦੀ ਬਜਾਏ ਮਾਨਵੀ ਸ੍ਵੈ ਜਾਂ ਸਰਗੁਣਤਾ ਦੇ ਵਧੇਰੇ ਨੇੜੇ ਹੁੰਦਾ ਹੈ। ਕਹਿੰਦੇ ਹਨ ਮਨੁੱਖ ਆਪਣੇ ਨਿੱਜ ਸਰੂਪ ਦੇ ਬਿਨਾ ਹੋਰ ਕੁਝ ਵੀ ਕਲਪ ਨਹੀਂ ਸਕਦਾ।

ਇਸੇ ਕਰਕੇ ਸਨਾਤਨ ਮੱਤ ਵਿੱਚ ਈਸ਼ਵਰ ਦੇ ਅਨੇਕ ਰੂਪ ਹਨ। ਉਹ ਪਤੀ ਵੀ ਹੈ, ਪ੍ਰੇਮੀ ਵੀ ਹੈ, ਦੋਸਤ ਵੀ ਹੈ ਤੇ ਪੁੱਤਰ ਵੀ ਹੈ। ਇਸੇ ਕਰਕੇ ਭਗਵਾਨ ਕ੍ਰਿਸ਼ਨ ਮੀਰਾਂ ਲਈ ਪਤੀ ਹਨ, ਰਾਧਾ ਲਈ ਪ੍ਰੇਮੀ ਹਨ, ਸੁਦਾਮੇ ਲਈ ਮਿੱਤਰ ਹਨ ਤੇ ਯਸ਼ੋਧਾ ਲਈ ਨਟ-ਖਟ ਬਾਲ ਹਨ। ਬਹੁਤ ਸਾਰੇ ਭਗਤ ਉਸ ਅਲਿੰਗ ਨਿਰਾਕਾਰ ਨੂੰ ਸਲਿੰਗ ਮਾਂ ਦੇ ਰੂਪ ਵਿੱਚ ਵੀ ਚਿਤਵਦੇ ਹਨ।

ਗੁਰਮਤਿ ਅਨੁਸਾਰ ਨਿਰੰਕਾਰ ਦਾ ਮਾਨਵੀ ਸਰੂਪ ਗੁਰੂ ਹੈ ਅਤੇ ਸਤਿਗੁਰੂ ਸਾਹਿਬਾਨ ਦੇ ਸਰੂਪ ਵਿੱਚ ਅਸੀਂ ਗੁਰੂ ਦੇ ਨਾਨਾ ਰੂਪ ਦੇਖ ਸਕਦੇ ਹਾਂ। ਪਹਿਲੇ ਪਾਤਸ਼ਾਹ ਗੁਰੂ ਨਾਨਕ ਨੂੰ ਅਸੀਂ ਬਾਬਾ ਕਹਿ ਲਈਦਾ ਹੈ ਤੇ ਦਸਵੇਂ ਪਾਤਸ਼ਾਹ ਨੂੰ ਦਸਮੇਸ਼ ਪਿਤਾ ਕਹੀਦਾ ਹੈ। ਮਾਤਾ ਕੌਲਾਂ ਨੇ ਛੇਵੇਂ ਪਾਤਸ਼ਾਹ ਨੂੰ ਪ੍ਰੇਮੀ ਦੇ ਰੂਪ ਵਿੱਚ ਚਿਤਵਿਆ ਸੀ ਤੇ ਅੱਠਵੇਂ ਪਾਤਸ਼ਾਹ ਸਾਡੇ ਬਾਲ ਗੁਰੂ ਹਨ।

ਯਸ਼ੋਧਾ ਨੇ ਨਟ-ਖਟ ਬਾਲ ਕ੍ਰਿਸ਼ਨ ਨੂੰ ਸ਼ਰਾਰਤਾਂ ਤੋਂ ਵਰਜਣ ਲਈ ਪੇਟ ਨਾਲ ਰੱਸੀ ਲਪੇਟ ਕੇ ਉੱਖਲ਼ ਨਾਲ਼ ਬੰਨ੍ਹ ਦਿੱਤਾ ਸੀ, ਇਸੇ ਕਰਕੇ ਉਨ੍ਹਾਂ ਦੀ ਅੱਲ ਦਾਮੋਦਰ ਪੈ ਗਈ ਸੀ। ਦਾਮ ਮੈਨ੍ਹੇ ਰੱਸੀ ਤੇ ਉਦਰ ਮੈਨ੍ਹੇ ਪੇਟ।

ਕ੍ਰਿਸ਼ਨ ਦਾ ਇਹ ਨਟਖਟ ਬ੍ਰੱਜ ਰੂਪ ਬਾਲ ਗੋਬਿੰਦ ਰਾਏ ਵਿੱਚ ਵੀ ਦੇਖਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਰਾਣੀ ਮੈਣੀ ਨੇ ਆਪਣੇ ਬੱਚੇ ਦੇ ਰੂਪ ਵਿੱਚ ਪ੍ਰਵਾਣ ਕੀਤਾ ਸੀ ਤੇ ਬਾਲ ਗੋਬਿੰਦ ਰਾਏ ਅਚਾਨਕ ਅਤੇ ਅਕਸਰ ਉਹਦੀ ਗੋਦ ਵਿੱਚ ਜਾ ਬੈਠਦੇ ਸਨ ਤੇ ਸੱਖਣੀ ਗੋਦ ਸੁਲੱਖਣੀ ਹੋ ਜਾਂਦੀ ਸੀ।

ਕ੍ਰਿਸ਼ਨ ਜੀ ਵਿਸ਼ਨੂੰ ਦੇ ਅੱਠਵੇਂ ਅਵਤਾਰ ਹੋਏ ਹਨ, ਜਿਨ੍ਹਾਂ ਦਾ ਜਨਮ ਚੰਦਰਮਾਂ ਦੇ ਹਨੇਰੇ ਪੱਖ ਦੀ ਅੱਠਵੀਂ ਤਿੱਥ ਨੂੰ ਹੋਇਆ ਸੀ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਵੀ ਸਾਡੇ ਅੱਠਵੇਂ ਪਾਤਸ਼ਾਹ ਹਨ, ਜਿਨ੍ਹਾਂ ਦਾ ਆਗਮਨ ਚੰਦਰਮਾਂ ਦੇ ਹਨੇਰੇ ਪੱਖ ਵਿੱਚ ਹੀ, ਸਾਉਣ ਦੀ ਅੱਠ ਤਰੀਕ ਨੂੰ ਹੋਇਆ ਸੀ ਤੇ ਉਹ ਗੁਰਿਆਈ 'ਤੇ ਵੀ ਕੱਤਕ ਦੀ ਅੱਠ ਤਰੀਕ ਨੂੰ ਸੁਭਾਇਮਾਨ ਹੋਏ ਸਨ।

ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਅਤੇ ਸਿੱਖ ਇਤਿਹਾਸ ਦੇ ਨਾਇਕ ਸ੍ਰੀ ਹਰਿ ਕ੍ਰਿਸਨ ਵਿਚ ਚੰਦਰਮਾਸ ਦੇ ਹਨੇਰੇ ਪੱਖ ਅਤੇ ਅੱਠ ਦਾ ਇਤਿਹਾਸਕ ਅਨੁਪ੍ਰਾਸ ਬੜਾ ਹੀ ਵਚਿੱਤਰ, ਦਿਲਚਸਪ ਅਤੇ ਪ੍ਰਤੀਕ ਬੋਧਕ ਹੈ।

ਕ੍ਰਿਸ਼ਨ ਦਾ ਅਰਥ ਕਾਲ਼ਾ ਹੁੰਦਾ ਹੈ ਤੇ ਸ੍ਰੀ ਕ੍ਰਿਸ਼ਨ ਜੀ ਵੀ ਸਾਉਲ਼ੇ ਅਰਥਾਤ ਕਾਲ਼ੇ ਰੰਗ ਦੇ ਸਨ। ਬਾਣੀ ਅਤੇ ਸੂਫੀ ਕਵਿਤਾ ਵਿੱਚ ਪਰਮਾਤਮਾਂ ਨੂੰ ਸਾਂਵਲ ਸੁੰਦਰ ਤੇ ਸਾਂਵਲ ਮਾਹੀ ਵਜੋਂ ਯਾਦ ਕੀਤਾ ਜਾਂਦਾ ਹੈ ਤਾਂ ਉਹ ਦਰ ਅਸਲ ਕ੍ਰਿਸ਼ਨ ਦਾ ਸੰਕੇਤ ਹੁੰਦਾ ਹੈ।

ਅੱਠਵੇਂ ਪਾਤਸ਼ਾਹ ਬੇਸ਼ੱਕ ਸਾਂਵਲ ਨਹੀਂ ਸਨ, ਪਰ ਉਨ੍ਹਾਂ ਦੀ ਰੱਬੀ ਆਭਾ ਤੇ ਕੁਦਰਤੀ ਨੂਰ ਦਾ ਪ੍ਰਕਾਸ਼ ਇਸ ਕਦਰ ਸੀ ਕਿ ਗੁਰੂ ਸਾਹਿਬਾਨ ਵਿੱਚੋਂ ਸਿਰਫ਼ ਉਨ੍ਹਾਂ ਬਾਬਤ ਹੀ ਕਿਹਾ ਗਿਆ ਕਿ-

"ਸ੍ਰੀ ਹਰਿ ਕ੍ਰਿਸਨ ਧਿਆਈਐ, ਜਿਸੁ ਡਿਠੇ ਸਭੁ ਦੁਖੁ ਜਾਇ"।

ਗੁਰੂ ਨਾਨਕ ਪਾਤਸ਼ਾਹ ਦੇ ਇਸ ਅੱਠਵੇਂ ਅਤੇ ਬਾਲ ਉਮਰ ਚਮਤਕਾਰ ਸ੍ਰੀ ਗੁਰੂ ਹਰਿ ਕ੍ਰਿਸਨ ਜੀ ਨੂੰ ਦਿੱਲੀ ਵਿਖੇ ਬੁਲਾਉਣ ਵਿੱਚ ਉਨ੍ਹਾਂ ਦਾ ਵੱਡਾ ਭਾਈ ਰਾਮਰਾਇ ਕਾਮਯਾਬ ਹੋ ਗਿਆ ਸੀ। ਪਰ, ਆਪਣੇ ਪਿਤਾ ਸ੍ਰੀ ਗੁਰੂ ਹਰਿਰਾਇ ਜੀ ਦੀ ਤਰਾਂ ਬਾਲ ਗੁਰੂ ਹਰਿ ਕ੍ਰਿਸਨ ਪਾਤਸ਼ਾਹ ਵੀ ਜ਼ਾਲਮ ਬਾਦਸ਼ਾਹ ਦੇ ਮੱਥੇ ਲੱਗਣੋਂ ਪਰਹੇਜ਼ ਕਰਦੇ ਸਨ।

ਬੇਸ਼ੱਕ ਉਨ੍ਹਾਂ ਨੂੰ ਵਾਰ ਵਾਰ ਬਾਦਸ਼ਾਹ ਦੇ ਅੱਗੇ ਪੇਸ਼ ਹੋਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਆਪਣੇ ਰਾਜਸੀ ਅਤੇ ਸਿਆਸੀ ਨਾ-ਫੁਰਮਾਨ ਇਰਾਦੇ 'ਤੇ ਕਾਇਮ ਰਹੇ।

ਫਿਰ ਉਹ ਦਿੱਲੀ ਵਿਖੇ ਹੀ ਚੇਚਕ ਗ੍ਰਸਤ ਹੋ ਗਏ। ਸਿੱਖ ਮਨ ਨੇ ਇਸਨੂੰ ਇਵੇਂ ਲਿਆ ਜਿਵੇਂ ਬਾਲ ਪਾਤਸ਼ਾਹ ਨੇ ਜ਼ਾਲਮ ਬਾਦਸ਼ਾਹ ਦੇ ਮੱਥੇ ਲੱਗਣੋਂ ਬਚਣ ਦੇ ਉਪਾਅ ਵਜੋਂ ਖ਼ੁਦ ਇਸ ਰੋਗ ਦੀ ਚਮਤਕਾਰੀ ਓਟ ਲੈ ਲਈ ਹੋਵੇ। ਪ੍ਰੋ ਪੂਰਨ ਸਿੰਘ ਜੀ ਲਿਖਦੇ ਹਨ ਕਿ ਪਾਤਸ਼ਾਹ ਦਾ ਇਹ ਰੋਗ ਬਾਦਸ਼ਾਹ ਦੀ ਬਦਨੀਅਤ ਦੇ ਵਿਰੁੱਧ ਕੁਦਰਤ ਦਾ ਰੋਸ ਮਾਤਰ ਸੀ।

ਔਰੰਗਜ਼ੇਬ ਦਾ ਪਹਿਲੀ ਵਾਰ ਮਾਸੂਮੀਅਤ ਦੇ ਪੁੰਜ ਨਾਲ਼ ਵਾਹ ਪਿਆ ਸੀ। ਪਹਿਲੀ ਵਾਰ ਬਾਦਸ਼ਾਹ ਨੂੰ ਮਿਲਣ ਤੋਂ ਕਿਸੇ ਨੇ ਇਸਤਰ੍ਹਾਂ ਇਨਕਾਰ ਕੀਤਾ ਸੀ। ਪਹਿਲੀ ਵਾਰ ਬਾਦਸ਼ਾਹ ਦੇ ਦਿਲ ਵਿੱਚ ਇੱਛਾ ਜਾਗੀ ਸੀ ਕਿ ਰੱਬੀ ਮਾਸੂਮੀਅਤ ਦੇ ਮੁਜੱਸਮੇ ਦੇ ਦੀਦਾਰ ਕੀਤੇ ਜਾਣ ਤੇ ਪਹਿਲੀ ਵਾਰ ਬਾਦਸ਼ਾਹ ਨੂੰ ਕਿਸੇ ਨੇ ਏਸ ਤੋਂ ਵੀ ਇਨਕਾਰ ਕਰ ਦਿੱਤਾ ਸੀ।

"ਨਾ ਦਰਸ਼ਨ ਦੇ ਹੈਂ ਨਾ ਦਰਸ਼ਣ ਲੇ ਹੈਂ" ਦੇ ਇਕੋ ਵਾਕ ਨੇ ਦਿੱਲੀ ਪਤੀ ਦੀ ਪੱਤ ਨੇਸਤੋਨਾਬੂਦ ਕਰ ਦਿੱਤੀ ਸੀ। ਪਹਿਲੀ ਵਾਰ ਵਿਸ਼ਾਲ ਹਿੰਦੁਸਤਾਨ ਦਾ ਸਮਰੱਥ ਬਾਦਸ਼ਾਹ ਮਾਸੂਮੀਅਤ ਦੇ ਸ਼ਹਿਨਸ਼ਾਹ ਅੱਗੇ ਹਾਰ ਗਿਆ ਸੀ।

ਦਰਅਸਲ ਬਾਦਸ਼ਾਹ ਦੀ ਨੀਅਤ ਬਦਨੀਅਤ ਤੋਂ ਖਾਲੀ ਨਹੀਂ ਸੀ। ਬਾਦਸ਼ਾਹੀਆਂ ਨੂੰ ਇਹ ਕਰਮ ਨਸੀਬ ਹੀ ਨਹੀਂ ਹੁੰਦਾ ਕਿ ਉਹ ਕਦੀ ਨਿਰਮਲ ਚਿੱਤ ਹੋਣ ਦਾ ਖ਼ਿਆਲ ਵੀ ਕਰ ਸੱਕਣ।

ਬਹੁਤ ਲੋਕ ਅਜਿਹੇ ਹਨ ਜੋ ਸਿਆਸੀ ਅਹਿਮੀਅਤ ਵਾਲ਼ੇ ਲੋਕਾਂ ਮਗਰ ਦੌੜ ਦੌੜ ਕੇ ਆਪਣੀ ਜ਼ਿੰਦਗੀ ਦਾ ਲੁਤਫ ਗਾਲ਼ ਲੈਂਦੇ ਹਨ। ਪਰ ਅੱਠਵੇਂ ਪਾਤਸ਼ਾਹ ਨੇ ਸਿੱਖ ਦਰਸ਼ਨ ਅਤੇ ਦਰਸ਼ਣ ਦੀ ਸਿਆਸੀ ਅਤੇ ਰੂਹਾਨੀ ਅਹਿਮੀਅਤ ਦਾ ਅਭਿਆਸ ਸਾਡੇ ਸਾਮਰਤੱਖ ਕਰ ਦਿੱਤਾ।

ਗੁਰੂ ਸਾਹਿਬ ਤੋਂ ਬਾਅਦ ਮਹਾਰਾਜੇ ਰਣਜੀਤ ਸਿੰਘ ਦੇ ਕਾਲ ਵਿੱਚ ਸਾਨੂੰ 'ਨਾ ਦਰਸ਼ਣ ਦੇ ਹੈਂ ਨਾ ਦਰਸ਼ਣ ਲੇ ਹੈਂ' ਦੇ ਸਿਧਾਂਤ ਦੇ ਅਭਿਆਸੀ ਦੀਦਾਰ ਹੁੰਦੇ ਹਨ। ਰਣਜੀਤ ਸਿੰਘ ਦੇ ਰਾਜ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀ ਭਾਈ ਮਨਸਾ ਸਿੰਘ ਇਤਨੇ ਸਾਦਗੀ ਅਤੇ ਗ਼ਰੀਬੀ ਪਸੰਦ ਸਨ ਕਿ ਰੋਟੀਆਂ ਪਕਾਉਣ ਲਈ ਤਵਾ ਵੀ ਮਿੱਟੀ ਦਾ ਇਸਤੇਮਾਲ ਕਰਦੇ ਸਨ। ਮਹਾਰਾਜੇ ਰਣਜੀਤ ਸਿੰਘ ਨੂੰ ਪਤਾ ਲੱਗਾ ਤਾਂ ਰੁਪਈਆਂ ਦੀ ਥੈਲੀ ਭਰ ਕੇ ਹਾਥੀ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਨੂੰ ਚੱਲ ਪਏ। ਭਾਈ ਸਾਹਿਬ ਦੇ ਘਰ ਦੇ ਨਜਦੀਕ ਪੁੱਜੇ ਤਾਂ ਉਨ੍ਹਾਂ ਨੇ ਆਪਣੇ ਘਰ ਦਾ ਦਰ ਢੋ ਲਿਆ ਤੇ ਖਿੜਕੀ ਵੀ ਬੰਦ ਕਰ ਲਈ।

ਮਹਾਰਾਜੇ ਦੇ ਅਹਿਲਕਾਰਾਂ ਨੇ ਬੂਹਾ ਖੋਲ੍ਹਣ ਲਈ ਅਵਾਜ਼ਾਂ ਮਾਰੀਆਂ ਤੇ ਬੂਹਾ ਖੜਕਾਇਆ। ਭਾਈ ਸਾਹਿਬ ਟੱਸ ਤੋਂ ਮੱਸ ਨਾ ਹੋਏ। ਕਹਿਣ ਲੱਗੇ, "ਬੂਹਾ ਖੋਲ੍ਹਾਂ ਨਾ ਤਾਕੀ ... ਜੇ ਮਹਾਰਾਜੇ ਦੇ ਚਰਨ ਪੈ ਗਏ ਤਾਂ ਮੇਰੀ ਗ਼ਰੀਬੀ ਗਦਾ ਜਾਂਦੀ ਰਹੇਗੀ ... ਇਹੀ ਮੇਰੀ ਸਿੱਖੀ ਹੈ"।

ਅੰਮ੍ਰਿਤਸਰ ਸਾਹਿਬ ਗੁਰੂ ਕੇ ਬਾਗ਼ ਵਿਖੇ ਕੋਈ ਗੁਰਮੁਖ ਪ੍ਰੇਮੀ ਭਾਈ ਸਾਹਿਬ ਉਤਰੇ ਹੋਏ ਸਨ। ਰਾਤ ਸਮੇਂ ਸੰਗਤ ਜੁੜਦੀ ਤੇ ਕਥਾ ਵਾਰਤਾ ਛਿੜਦੀ। ਮਹਾਰਾਜੇ ਨੂੰ ਪਤਾ ਲੱਗਾ ਤਾਂ ਦੋ ਥਾਲ਼ ਮੋਹਰਾਂ ਦੇ ਭਰ ਕੇ ਲੈ ਆਇਆ। ਸਤਿਸੰਗ ਦਾ ਅਨੰਦ ਲਿਆ ਤੇ ਭਾਈ ਸਾਹਿਬ ਨੂੰ ਮੋਹਰਾਂ ਨਾਲ਼ ਭਰੇ ਦੋ ਥਾਲ਼ ਪੇਸ਼ ਕੀਤੇ। ਭਾਈ ਸਾਹਿਬ ਕਹਿਣ ਲੱਗੇ, "ਗੁਰਮੁਖੋ, ਇਹ ਮਾਇਆ ਸਾਡੇ ਕਿਸੇ ਕੰਮ ਨਹੀਂ, ਕਿਸੇ ਲੋੜਵੰਦ ਨੂੰ ਦੇ ਦਿਓ"। ਮਹਾਰਾਜੇ ਨੇ ਬੜੀ ਅਧੀਨਗੀ ਨਾਲ਼ ਆਖਿਆ, "ਆਪ ਹੀ ਕਿਸੇ ਲੋੜਵੰਦ ਨੂੰ ਦੇ ਦੇਣਾ"। ਫਿਰ ਵੀ ਭਾਈ ਸਾਹਿਬ ਨੇ ਮਾਇਆ ਪ੍ਰਵਾਣ ਨਾ ਕੀਤੀ। ਮਹਾਰਾਜੇ ਨੇ ਫਿਰ ਬੇਨਤੀ ਕੀਤੀ, "ਮੇਰੇ ਲਈ ਕੋਈ ਹੋਰ ਸੇਵਾ?" ਭਾਈ ਸਾਹਿਬ ਬੋਲੇ, "ਅੱਗੇ ਨੂੰ ਨਾ ਦਰਸ਼ਣ ਦੇਣੇ ਤੇ ਨਾ ਦਰਸ਼ਣ ਲੈਣੇ"।

ਅੱਠਵੇਂ ਪਾਤਸ਼ਾਹ ਦਾ ਇਹ ਬਚਨ ਸਾਡੇ ਲਈ ਸਮਾਜੀ ਵਰਦਾਨ ਹੈ, ਜਿਹਨੂੰ ਯਾਦ ਕਰਕੇ ਅਸੀਂ ਆਪਣੇ ਸਮਾਜ ਵਿੱਚ ਨਰੋਆਪਣ ਲਿਆ ਸਕਦੇ ਹਾਂ।

ਜਿਸ ਦਿਨ ਰਾਜਸੀ ਲੋਕਾਂ ਦੇ ਪੰਡਾਲ ਖਾਲੀ ਰਹਿਣੇ ਸ਼ੁਰੂ ਹੋ ਜਾਣਗੇ, ਉਸ ਦਿਨ ਸਾਡੀ ਸਮਾਜਿਕਤਾ ਅਰੋਗ ਹੋਣ ਵੱਲ ਵਧਣ ਲੱਗ ਜਾਵੇਗੀ।

ਫ਼ੋਨ: 9417518384

# ਡਾ. ਅਬਦੁਲ ਕਲਾਮ: ਇੱਕ ਕਰਮ ਯੋਗੀ

ਪਿਆਰਾ ਸਿੰਘ ਚਾਨਾ

(ਪਿਆਰਾ ਸਿੰਘ ਚਾਨਾ- ਲੁਧਿਆਣਾ ਨਿਵਾਸੀ ਇਹ ਨਾਮਧਾਰੀ ਨੌਜੁਆਨ ਇੰਜੀਨੀਅਰਿੰਗ ਦਾ ਵਿਦਿਆਰਥੀ ਹੈ। ਸੁਘੜ ਅਤੇ ਸੰਵੇਦਨਸ਼ੀਲ ਲੇਖਣੀ ਦੀ ਸ਼ੁਰੂਆਤ ਸਲਾਹੁਣ ਯੋਗ ਹੈ। ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ, ਇਹ ਨੌਜੁਆਨ ਸਾਹਿਤਕ ਖੇਤਰ ਵਿੱਚ ਬੁਲੰਦੀਆਂ ਛੂਹ ਸੱਕੇ- ਸੰਪਾਦਕ)

ਕਿਸੇ ਨੂੰ ਸਹੀ ਤਰ੍ਹਾਂ ਜਾਣਨ ਲਈ ਉਸਦੀ ਸੰਗਤ ਨੂੰ ਵੀ ਜਾਣਨਾ ਜ਼ਰੂਰੀ ਹੈ। ਆਦਮੀ ਆਪਣੀ ਸੰਗਤ ਦਾ ਹੀ ਅਕਸ ਹੁੰਦਾ ਹੈ। ਇਸ ਲਈ, ਜਿੱਥੇ ਮੈਂ ਕਲਾਮ ਦੀ ਸ਼ਖਸੀਅਤ ਦਾ ਇੱਕ ਖਾਸ ਪੱਖ ਪੇਸ਼ ਕਰ ਰਿਹਾ ਹਾਂ, ਉੱਥੇ ਨਾ਼ਲ ਹੀ ਉਨ੍ਹਾਂ ਦੇ ਸਾਥੀਆਂ ਬਾਰੇ ਵੀ ਦੱਸ ਰਿਹਾ ਹਾਂ।

ਡਾ. ਕਲਾਮ ਦੀ ਸਵੇਰ ਰਮੇਸ਼ਵਰਮ ਦੇ ਮਸ਼ਹੂਰ ਸ਼ਿਵ ਮੰਦਿਰ ਤੋਂ ਸ਼ੁਰੂ ਹੋ, ਸ਼ਾਮ ਨੂੰ ਮਸਜਿਦ ਦੀ ਨਮਾਜ਼ ਨਾ਼ਲ ਢਲਦੀ ਸੀ। ਕਲਾਮ ਅਤੇ ਜਲਾਲਉੱਦੀਨ, ਤੀਰਥੀਆਂ ਨੂੰ ਕਿਸ਼ਤੀ ਵਿੱਚ ਰਮੇਸ਼ਵਰਮ ਤੋਂ ਧਨੁਸ਼ਕੋੜੀ ਲਜਾਇਆ ਕਰਦੇ ਸਨ। ਜਲਾਲਉੱਦੀਨ ਆਪਣੇ ਪਿੰਡ ਵਿੱਚ ਇਕੱਲਾ ਹੀ ਸੀ ਜੋ ਅੰਗਰੇਜ਼ੀ ਜਾਣਦਾ ਸੀ। ਦੂਰ-ਨੇੜਿਓਂ ਲੋਕ ਸਰਕਾਰੀ ਚਿੱਠੀਆਂ ਪੜ੍ਹਾਉਣ/ਲਿਖਵਾਉਣ ਲਿਆਉਂਦੇ। ਪਰ ਇਸ ਮਦਦ ਬਦਲੇ ਉਸਨੇ ਕਦੇ ਕੁਝ ਨਹੀਂ ਮੰਗਿਆ ਸੀ। ਡਾ. ਕਲਾਮ ਕਹਿੰਦੇ ਨੇ ਕਿ ਉਨ੍ਹਾਂ ਦੀਆਂ ਆਪਸੀ ਗੱਲਾਂ ਪਰਮੇਸ਼ਵਰ ਦੀ ਸਿਫਤ-ਸਲਾਹ ਬਾਰੇ ਹੀ ਹੁੰਦੀਆਂ। ਫਜ਼ੂਲ ਗੱਲਾਂ ਵੱਲ ਉਨ੍ਹਾਂ ਦੋਹਾਂ ਨੇ ਕਦੀ ਕੋਈ ਰੁਚੀ ਨਹੀਂ ਸੀ ਰੱਖੀ। ਰਮੇਸ਼ਵਰਮ ਦੀ ਪਾਕ ਫਿਜ਼ਾ ਵਾਰਤਾਲਾਪ ਦਾ ਰੁਖ ਧਰਮ ਵੱਲ ਝੁਕਾਈ ਰੱਖਦੀ।

ਕਲਾਮ ਸੱਤ ਕੁ ਸਾਲ ਦੀ ਛੋਟੀ ਉਮਰੇ ਹੀ ਆਪਣੇ ਭਰਾ ਸ਼ਮਸੁੱਦੀਨ ਦੇ ਨਾ਼ਲ ਅਖਬਾਰ ਵੰਡਣ ਲੱਗੇ। ਕਲਾਮ ਲਈ ਅਖਬਾਰ ਹਲੇ ਤਸਵੀਰਾਂ ਤੱਕ ਹੀ ਸੀਮਿਤ ਸੀ। ਰੋਚਕ ਖਬਰਾਂ ਉਨ੍ਹਾਂ ਨੂੰ ਭਰਾ ਹੀ ਪੜ੍ਹਕੇ ਸੁਣਾਉਂਦਾ। ਭਰਾ ਵੱਲ ਵੇਖ ਵੇਖ ਕਲਾਮ ਨੂੰ ਵੀ ਸ਼ੌਂਕ ਜਾਗਿਆ ਅਤੇ ਕੁਝ ਸਮੇਂ ਤੱਕ ਉਹ ਅੱਖਰ ਜੋੜ-ਤੋੜ ਕੇ ਖਬਰਾਂ ਦੇ ਸਿਰਲੇਖ ਪੜ੍ਹਨ ਜੋਗ ਹੋ ਗਏ। ਅਖਬਾਰ ਵੰਡਣ ਲਈ ਕਲਾਮ ਨੂੰ ਰੋਜ਼ ਦਾ ਇੱਕ ਆਨਾ ਮਿਲਦਾ।

ਪਿਤਾ ਜੇਨੁਲਬਦੀਨ ਨੇ ਹਮੇਸ਼ਾਂ ਸਾਦਗੀ ਨੂੰ ਮੁੱਖ ਰੱਖਿਆ ਤੇ ਘਰ ਵਿੱਚ ਕੋਈ ਵਾਧੂ ਐਸ਼ੋਆਰਾਮ ਦੀ ਚੀਜ਼ ਨਾ ਆਉਣ ਦਿੱਤੀ। ਸਾਰੇ ਭੁੰਜੇ ਹੀ ਕੇਲੇ ਦੇ ਪੱਤਿਆਂ ਤੇ ਸਾਂਬਰ ਚੌ਼ਲ ਛਕਦੇ। ਰੋਜ਼ ਸਵੇਰੇ ਚਾਰ ਵਜੇ ਨਮਾਜ਼ ਤੋਂ ਬਾਅਦ ਜੇਨੁਲਬਦੀਨ ਘਰ ਤੋਂ ਚਾਰ ਕੁ ਮੀਲ ਦੂਰ ਆਪਣੇ ਨਾਰੀਅਲ ਦੇ ਬਾ਼ਗ ਵੱਲ ਪੈਦਲ ਨਿਕਲ ਜਾਂਦੇ। ਉਹ ਮੁਸਲਮਾਨ ਸੀ, ਪਰ ਮੰਦਿਰ ਦਾ ਮੁੱਖ ਪੁਜਾਰੀ ਲਕਸ਼ਮਣ ਸ਼ਾਸਤਰੀ ਉਨ੍ਹਾਂ ਦਾ ਚੰਗਾ ਯਾਰ ਸੀ। 'ਰਾਮ ਸੀਤਾ ਕਲਯਾਣਮ' ਤੇ ਹਰ ਸਾਲ ਮੂਰਤੀਆਂ ਨੂੰ ਮੰਦਿਰ ਤੋਂ ਰਾਮ ਤੀਰਥ ਤਲਾਅ ਤੱਕ ਲੈ ਕੇ ਜਾਣ ਲਈ ਜੇਨੁਲਬਦੀਨ ਵੱਲੋਂ ਇੱਕ ਵਿਸ਼ੇਸ਼ ਕਿਸ਼ਤੀ ਸਜਾਈ ਜਾਂਦੀ। ਬਹੁਤ ਭਾਰਾ ਮੇਲਾ ਹੁੰਦਾ। ਅੱਜ ਵਾਂਗ ਉਸ ਸਮੇਂ ਸਮਾਜ ਵਿੱਚ ਕੋਈ ਨਫਰਤ ਨਾ ਸੀ, ਤੇ ਨਾ ਹੀ ਕੋਈ ਮਜ਼ਬੀ ਵੰਡਾਂ। ਓਨ੍ਹੀਂ ਦਿਨੀਂ ਰਾਜਨੀਤੀ ਦੇ ਜ਼ਹਿਰ ਨੇ ਆਪਸੀ ਇਤਫ਼ਾਕ ਨੂੰ ਨਹੀਂ ਸੀ ਡੰਗਿਆ। ਇਹ ਭਾਈਚਾਰਾ ਅੰਦਰੋਂ ਬਾਹਰੋਂ ਇੱਕ ਸੀ।

ਜਿੱਥੇ ਕਲਾਮ ਨੂੰ ਮਾਤਾਵਾਂ ਕੋਲੋਂ ਇਸਲਾਮੀ ਪੈਗੰਬਰਾਂ ਦੀ ਕਥਾ ਸੁਣਨ ਨੂੰ ਮਿਲਦੀ, ਓਥੇ ਹੀ ਰਾਮਾਯਣ ਦੇ ਪ੍ਰਸੰਗ ਵੀ ਸੁਣਾਏ ਜਾਂਦੇ। ਡਾ. ਕਲਾਮ

ਆਪਣੇ ਲਫਜ਼ਾਂ 'ਚ ਲਿਖਦੇ ਹਨ ਕਿ ਉਹ ਰੋਜ਼ ਸਵੇਰੇ ਮੰਦਿਰ ਦੇ ਸਰੋਵਰ ਵਿੱਚ ਕਈ ਸ਼ਰਧਾਲੂਆਂ ਨੂੰ ਪਾਣੀ 'ਚ ਖੜੋਤਾ ਵੇਖਦੇ, ਅਕਾਲ ਪੁਰਖ ਅੱਗੇ ਅਰਦਾਸ ਵਿੱਚ ਝੁਕੇ ਸਿਰ ਵੇਖਦੇ, ਮਸਜਿਦ ਵਿੱਚ ਅਰਬੀ ਕਲਾਮ ਸੁਣਦੇ। ਇਹ ਸਭ ਨਜ਼ਾਰੇ ਉਨ੍ਹਾਂ ਅੰਦਰ ਇੱਕ ਅਲੱਗ ਹੀ ਜਜ਼ਬਾ ਪੈਦਾ ਕਰਦੇ। ਕਲਾਮ ਨੂੰ ਇਹ ਯਕੀਨ ਸੀ ਕਿ ਇਹ ਅਰਦਾਸਾਂ, ਇਹ ਸਜਦੇ, ਇੱਕੋ ਹੀ ਜਗ੍ਹਾ ਪਹੁੰਚਦੇ ਨੇ।

ਕਲਾਮ ਦੀ ਵਿਚਾਰਧਾਰਾ ਧਰਮ ਦੀ ਕਿਰਤ ਅਤੇ ਹੱਕ-ਹਲਾਲ ਦੀ ਕਮਾਈ ਵਾਲ਼ੀ ਸੀ। ਆਪਣੇ ਸ਼ੌਂਕ ਕਰਕੇ, ਅਣਥੱਕ ਮਿਹਨਤ ਸਦਕਾ, ਕਲਾਮ ਨੂੰ ਮਨਚਾਹੇ ਮੁਕਾਮ ਨਸੀਬ ਹੋਏ। ਪਰ ਇਨ੍ਹਾਂ ਪ੍ਰਾਪਤੀਆਂ ਦਾ ਡਾ. ਜੀ ਨੂੰ ਕਦੀ ਕੋਈ ਹੰਕਾਰ ਨਾ ਸੀ। ਅਜਿਹੇ ਖੁਸ਼ੀ ਦੇ ਪਲਾਂ ਵਿੱਚ ਉਹ ਆਪ ਸਭ ਇਕੱਠੇ ਹੋ ਖੁਦਾ ਦੇ ਸ਼ੁਕਰਾਨੇ ਵੱਜੋਂ ਸਿਰ ਝੁਕਾਉਂਦੇ, ਅਤੇ ਵਾਧੂ ਦੇ ਅਡੰਬਰਾਂ, ਲੋਕ ਰੀਤਾਂ, ਪਾਰਟੀਆਂ ਤੋਂ ਬਚੇ ਰਹਿੰਦੇ। ਇਨ੍ਹਾਂ ਮੌਕਿਆਂ ਤੇ ਇੱਕ ਖਾਸ ਨਮਾਜ਼ ਦਾ ਆਯੋਜਨ ਵੀ ਹੋਇਆ ਕਰਦਾ।

ਪੜ੍ਹਾਈ ਖਤਮ ਹੋਣ ਪਿੱਛੋਂ ਕਲਾਮ ਦੇਹਰਾਦੂਨ ਏਅਰ ਫੋਰਸ ਲਈ ਗਏ। ਅਖ਼ੀਰਲੇ ਇੰਟਰਵਿਊ ਵਿੱਚ ਪਹਿਲੇ ਅੱਠ ਹੀ ਚੁਣੇ ਗਏ। ਕਲਾਮ ਦਾ ਸਥਾਨ ਨੌਂਵਾਂ ਸੀ। ਉਦਾਸ ਜਿਹੇ ਮਨ ਨਾ਼ਲ ਵਾਪਿਸ ਦੇਹਰਾਦੂਨ ਤੋਂ ਥੱਲੇ ਰਿਸ਼ੀਕੇਸ਼ ਆਏ। ਇੱਥੇ ਗੰਗਾ ਵਿੱਚ ਇਸ਼ਨਾਨ ਕੀਤਾ। ਮਨ ਵਿੱਚ ਕੁਝ ਵਲਵਲੇ ਸਨ, ਕੁਝ ਸਵਾਲ ਸਨ। ਕਲਾਮ ਕਹਿੰਦੇ ਨੇ ਕਿ ਫੇਰ ਉਹ ਨੇੜੇ ਹੀ ਸ਼ਿਵਾਨੰਦ ਆਸ਼ਰਮ ਵੱਲ ਚੱਲ ਪਏ। ਸਾਧੂਆਂ ਦੇ ਦਰਸ਼ਨ ਕਰ ਮਨ ਸ਼ਾਂਤ ਹੋਇਆ, ਤੇ ਇਨ੍ਹਾਂ ਦੀ ਸੰਗਤ ਵਿੱਚ ਕੁਝ ਪਲ ਗੁਜ਼ਾਰਨ ਨਾ਼ਲ ਸਾਰੀ ਚਿੰਤਾ ਲਹਿ ਗਈ।

ਡਾ. ਕਲਾਮ ਕਹਿੰਦੇ ਨੇ ਕਿ ਰੱਬ ਤੇ ਇਮਾਨ ਲੈ ਕੇ ਆਉਣ ਨਾ਼ਲ ਉਨ੍ਹਾਂ ਦਾ ਹੌਸਲਾ ਦੂਣਾ ਹੋ ਜਾਂਦਾ। ਕਿਉਂਕਿ ਫੇਰ ਕੋਈ ਜਿੱਤ-ਹਾਰ ਦੀ ਫਿਕਰ ਨਹੀਂ ਸੀ ਰਹਿੰਦੀ। ਉਨ੍ਹਾਂ ਨੂੰ ਇਹ ਯਕੀਨ ਸੀ ਕਿ ਉਹ ਹਾਜ਼ਰ ਨਾਜ਼ਰ ਹੈ, ਜੋ ਵੀ ਹੋਣਾ ਹੈ, ਸਰਬੱਤ ਦੇ ਭਲੇ ਲਈ, ਉਹਦੇ ਹੁਕਮ ਵਿੱਚ ਹੀ ਹੋਣਾ ਹੈ। ਰੱਬ ਦੀ ਦੂਰਗਾਮੀ ਨਜ਼ਰ ਸਦਾ ਸਭਦਾ ਭਲਾ ਚਿੱਤਵਦੀ ਹੈ, ਤੇ ਬੰਦੇ ਦੀ ਕਮਜ਼ਰਫੀ ਉਸਨੂੰ ਸਫਲਤਾ-ਅਸਫਲਤਾ ਦੀ ਖੁਸ਼ੀ-ਗਮੀ ਵਿੱਚ ਹੀ ਉਲਝਾਈ ਰੱਖਦੀ ਹੈ, ਤੇ ਕਦੀ ਵਿਸਮਾਦ ਦੀ ਅਵਸਥਾ ਤੱਕ ਨਹੀਂ ਪਹੁੰਚਣ ਦਿੰਦੀ। ਡਾ. ਕਲਾਮ ਦੀ ਇਸ ਸੋਚ ਤੋਂ ਸਾਫ ਹੈ ਕਿ ਉਹ ਕਰਮ ਯੋਗੀ ਸਨ। ਇੱਕ ਕਰਮ ਯੋਗੀ ਹੀ ਅਜਿਹੇ ਵਿਚਾਰ ਰੱਖਕੇ ਨਿਸ਼ਕਾਮ ਕਰਮ ਕਰ ਸਕਦਾ ਹੈ।

ਕਾਰਪੋਰੇਟ ਸੈਕਟਰ ਨੌਜਵਾਨਾਂ ਵਿੱਚ ਜੋਸ਼ ਭਰਣ ਖਾਤਰ ਅਜਿਹੀਆਂ ਸ਼ਖਸੀਅਤਾਂ ਦੀਆਂ ਸਿਰਫ ਪ੍ਰਾਪਤੀਆਂ ਹੀ ਗਿਣਦਾ ਹੈ। ਇਹ ਪ੍ਰਾਪਤੀਆਂ ਕਿੱਥੋਂ ਹੋਈਆਂ? ਇਸ ਬਾਰੇ ਤਾਂ ਕਾਰਪੋਰੇਟ ਨੂੰ ਆਪ ਹੀ ਕੁਝ ਨਹੀਂ ਪਤਾ, ਫੇਰ ਉਹ ਨੌਜਵਾਨਾਂ ਨੂੰ ਕਿੱਥੋਂ ਦੱਸੇ? ਪਦਾਰਥਵਾਦੀ ਸੋਚ ਨਾ਼ਲ ਕਾਰਪੋਰੇਟ ਇਹ ਚੀਜ਼ ਕਦੀ ਨਹੀਂ ਜਾਣ ਸਕਦੇ। ਵਿਦਿਅਕ ਅਦਾਰਿਆਂ ਨੂੰ ਇਹ ਚਾਹੀਦਾ ਹੈ ਕਿ ਉਹ 'ਕੀ ਹੋਇਆ' ਦੇ ਨਾ਼ਲ ਨਾ਼ਲ ਇਹ ਵੀ ਦੱਸਣ ਕਿ 'ਕਿਵੇਂ ਹੋਇਆ'। ਡਾ. ਕਲਾਮ ਬਾਰੇ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਉਨ੍ਹਾਂ 'ਕੀ ਕੀਤਾ'। 'ਕਿਵੇਂ ਕੀਤਾ', ਇਥੇ ਮੈਂ ਇਹ ਦੱਸਣ ਦਾ ਯਤਨ ਕੀਤਾ ਹੈ। ਇਥੇ ਮੈਂ ਡਾ. ਕਲਾਮ ਦੀ ਪਾਕ ਸੰਗਤ, ਤੇ ਕੁਝ ਘਟਨਾਵਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਤੋਂ ਪ੍ਰੇਰਿਤ ਹੋ ਕਲਾਮ ਨੂੰ ਉਹ ਜਜ਼ਬਾ ਮਿਲਿਆ, ਜੋ ਉਹਨਾਂ ਨੂੰ ਏਨਾਂ ਉੱਪਰ ਲੈ ਗਿਆ।

ਡਾ. ਕਲਾਮ ਨੇ ਅਨੇਕਾਂ ਹੀ ਅਹੁਦਿਆ ਤੇ ਜ਼ਿੰਮੇਦਾਰੀ ਨਿਭਾਈ। ਬਹੁਤ ਮਾਣ ਸਤਿਕਾਰ ਮਿਲਿਆ। ਪਰ ਸਭ ਤੋਂ ਜ਼ਿਆਦਾ ਖੁਸ਼ ਉਹ ਆਪਣੇ ਆਪ ਨੂੰ ਇੱਕ ਉਸਤਾਦ ਦੇ ਰੂਪ ਵਿੱਚ ਵੇਖਕੇ ਹੁੰਦੇ। ਅਖ਼ੀਰ ਤੱਕ ਆਮ ਨੌਜਵਾਨਾਂ ਦੇ ਸਵਾਲਾਂ ਦਾ ਆਪ ਈਮੇਲ ਰਾਹੀਂ ਜਵਾਬ ਦਿੰਦੇ ਰਹੇ। ਖੋਜੀਆਂ ਨੂੰ ਡਾ. ਜੀ ਦੇ 83 ਸਾਲ ਦੇ ਵਿਸ਼ਾਲ ਜੀਵਨ ਚੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਮੈਂ ਇੱਥੇ ਉਹ ਸਾਰਾ ਕੁਝ ਨਹੀਂ ਲਿਖ ਸਕਦਾ। ਇੱਕ ਕਰਮ ਯੋਗੀ ਨੂੰ ਯਾਦ ਕਰਨ ਦਾ ਇੱਥੇ ਇਹੀ ਮਕਸਦ ਹੈ, ਕਿ ਕੋਈ ਉਸ ਤੋਂ ਪ੍ਰੇਰਿਤ ਹੋ ਉਸ ਜਿਹਾ ਹੀ ਹੋ ਗੁਜ਼ਰੇ।

-------------------------------

# ਗੁਰਮਤਿ ਦੀ ਲੋਅ: ਵਿਦਿਅਕ ਸੰਮੇਲਨ

ਪ੍ਰੋ. ਗੁਰਪ੍ਰੀਤ ਸਿੰਘ

ਗੱਲ ਹੈ 11 ਫਰਵਰੀ ਸੰਨ 2001 ਦੀ। ਜਦ ਪਹਿਲੀ ਵਾਰੀ ਮੈਂ ਕਿਸੇ ਵਿੱਦਿਅਕ ਸੰਮੇਲਨ ਦਾ ਭਾਗੀਦਾਰ ਬਣਿਆ ਸਾਂ। ਵਿੱਦਿਅਕ ਸੰਮੇਲਨ ਕੀ ਹੁੰਦਾ? ਇਸ ਬਾਰੇ ਕੁੱਝ ਨਹੀਂ ਸੀ ਪਤਾ। ਸ਼ਾਇਦ ਇਹ ਨਾਂ ਉਸ ਵੇਲੇ ਪਹਿਲੀ ਵਾਰੀ ਹੀ ਕੰਨਾਂ 'ਚ ਪਿਆ ਹੋਵੇ।

ਸਾਡੇ ਪਿੰਡ ਵਜੀਦ ਪੁਰ (ਨਵਾਂ ਸ਼ਹਿਰ) ਲਗਭਗ ਅੱਠ ਦਸ-ਸਾਲ ਉਸਤਾਦ ਦਿਆਲ ਸਿੰਘ ਭੁੱਲਰ ਹੁਰਾਂ ਦਾ ਡੇਰਾ ਰਿਹਾ। ਬਾਪੂ ਬਚਨ ਸਿੰਘ ਦੇ ਚੁਬਾਰੇ 'ਚ ਉਹ ਨਿਵਾਸ ਕਰਦੇ ਸਨ। ਢੋਲਕੀ, ਹਰਮੋਨੀਅਮ, ਦੀਵਾਨ ਅਤੇ ਵਾਰੇ ਦੀਆਂ ਪੁਰਾਤਨ ਰੀਤਾਂ ਦੇ ਧਨੀ ਤੇ ਉਰਦੂ-ਫ਼ਾਰਸੀ ਦੇ ਆਲਮ ਉਸਤਾਦ ਦੀ ਸੰਗਤ ਬਚਪਨ ਤੋਂ ਹੀ ਮਿਲ ਗਈ ਸੀ। ਇਸ ਵਿੱਚ ਮੇਰੇ ਦਾਦੇ ਸੰਤ ਜੀਵਨ ਸਿੰਘ ਦਾ ਵਡੇਰਾ ਯੋਗਦਾਨ ਰਿਹਾ। ਉਹ ਅਕਸਰ ਮੈਨੂੰ ਅੰਮ੍ਰਿਤ ਵੇਲੇ ਉਠਾ ਕੇ ਗੁਰਦੁਆਰੇ ਆਸਾ ਦੀ ਵਾਰ ਦੇ ਕੀਰਤਨ ਵਿੱਚ ਲੈ ਜਾਇਆ ਕਰਦੇ ਸਨ ਤੇ ਮੈਂ ਵੀ ਕੀਰਤਨੀ ਜਥੇ ਵਿੱਚ ਬੈਠਾ ਹੌਲੀ-ਹੌਲੀ ਛੈਣੇ ਵਜਾਉਂਦਾ ਪਿੱਛੇ-ਪਿੱਛੇ ਸ਼ਬਦ ਪੜ੍ਹਦਾ। ਸ਼ਾਇਦ ਮੇਰੇ ਦਾਦੇ ਅੰਦਰ ਇਹ ਚਿਣਗ ਸੀ ਕਿ ਮੇਰਾ ਪੋਤਰਾ ਵੀ ਇਨ੍ਹਾਂ ਬਾਲ ਛੋਹਰਾਂ ਸੰਗ ਗੁਰੂ ਘਰ ਦੇ ਕੀਰਤਨੀਏ ਦਾ ਮਾਣ ਪਾਵੇ। ਖ਼ੈਰ !ਬਖਸ਼ਿਸ਼ ਹੋਈ ਤੇ ਮੈਂ ਵੀ ਉਨ੍ਹਾਂ ਬਾਲਾਂ ਦਾ ਸੰਗੀ ਹੋ ਨਿੱਬੜਿਆ ਜਿਹੜੇ ਸਵੇਰੇ ਸ਼ਾਮ ਗੁਰਦੁਆਰੇ ਉਸਤਾਦ ਹੁਰਾਂ ਨਾਲ ਗੁੜ ਦੀਆਂ ਮੱਖੀਆਂ ਵਾਂਗ ਚਿੰਬੜੇ ਰਹਿੰਦੇ ਕਿਉਂਕਿ ਉਹ ਬੜਾ ਵੱਡਾ ਗੁਣੀ ਬੰਦਾ ਸੀ। ਸਾਡਾ ਉਸਤਾਦ ਤੇ ਉੱਤੋਂ ਅੱਤ ਦਰਜੇ ਦਾ ਹਲੀਮੀ। ਉਹ ਸਾਨੂੰ ਸਭ ਨੂੰ ਸ਼ਾਮ ਵੇਲੇ ਵਾਰੀ-ਵਾਰੀ ਰਹਿਰਾਸ ਤੇ ਕੀਰਤਨ ਸੋਹਿਲਾ ਦਾ ਪਾਠ ਸਪੀਕਰ 'ਚ ਕਰਵਾਉਂਦਾ। ਸਪੀਕਰ 'ਚ ਬਾਣੀ ਪੜ੍ਹਨ ਦੇ ਚਾਅ ਕਰਕੇ ਬੜੀ ਬੇਸਬਰੀ ਨਾਲ ਆਪਣੀ ਵਾਰੀ ਵਾਲੇ ਦਿਨ ਨੂੰ ਉਡੀਕਣਾ। ਚੋਖਾ ਅਭਿਆਸ ਹੋ ਗਿਆ ਸੀ ਬਾਣੀ ਪੜ੍ਹਨ ਦਾ।

ਫੇਰ ਇੱਕ ਦਿਨ ਸੁਣਨ ਚ ਆਇਆ ਕਿ ਮੇਲਾ ਹੋ ਰਿਹਾ ਹੈ ਕਿਤੇ। ਹੋ ਕਿੱਥੇ ਰਿਹਾ? ਕੁਝ ਨਹੀਂ ਪਤਾ। ਸਾਰਿਆਂ ਨੇ ਜਾਣਾ ਹੈ। ਉੱਥੇ ਤੇ ਉੱਥੇ ਮੁਕਾਬਲੇ ਹੋਣੇ ਨੇ। ਛੋਟੇ ਬਾਲ ਵੀ ਜਾਣਗੇ। ਇਹ ਸੁਣੀਆਂ-ਸੁਣਾਈਆਂ ਗੱਲਾਂ ਮੇਲੇ ਦੇ ਸ਼ੌਂਕੀ ਛੋਹਰ ਆਪਣੇ ਨਿੱਕੇ-ਨਿੱਕੇ ਬੇਲੀਆਂ ਤੱਕ ਪਹੁੰਚਾਉਣ। ਕਿਸੇ ਨੇ ਮੇਰੇ ਕੋਲੋਂ ਅਰਦਾਸ ਸੁਣ ਲਈ ਤੇ ਕਹਿ ਦਿੱਤਾ ਕਿ ਹਾਂ ਠੀਕ ਹੈ। ਤੂੰ ਅਰਦਾਸ ਸੁਣਾਵੀਂ ਉੱਥੇ।

ਅਖੀਰ ਉਹ ਦਿਨ ਆਇਆ। ਮੈਂ ਆਪਣੇ ਜਥੇ ਸਹਿਤ, ਅਸੀਂ ਸਭ ਜਾ ਪਹੁੰਚੇ ਤੂਰ ਫਾਰਮ ਭੱਟੀਆਂ (ਫਿਲੌਰ) ਜਿੱਥੇ ਵਿੱਦਿਅਕ ਸੰਮੇਲਨ ਦਾ ਆਯੋਜਨ ਸੀ ਤੇ ਮੈਂ ਉਸ ਵਿੱਦਿਅਕ ਸੰਮੇਲਨ ਵਿੱਚ ਇੱਕ ਅਜਨਬੀ ਦੀ ਤਰ੍ਹਾਂ ਖਲੋਤਾ ਰਜਿਸਟ੍ਰੇਸ਼ਨ ਵਾਲਿਆਂ ਨੂੰ ਨਿਹਾਰਦਾ ਸੋਚੀ ਜਾਵਾਂ ਕਿ ਇਹ ਕੈਸਾ ਮੇਲਾ ਹੈ। ਜਿੱਥੇ ਗਲ਼ ਕਾਰਡ ਪਾ ਕੇ ਦਾਖ਼ਲ ਹੋਣ ਦਿੱਤਾ ਜਾ ਰਿਹਾ ਹੈ। ਚੰਦ ਮਿੰਟਾਂ ਬਾਅਦ ਮੁਕਾਬਲੇ ਸ਼ੁਰੂ ਹੋਏ ਤੇ ਅਰਦਾਸ ਮੁਕਾਬਲੇ ਲਈ ਮੇਰਾ ਨਾਂ ਬੋਲਿਆ ਗਿਆ। ਮਾਈਕ 'ਚ ਅਰਦਾਸ ਸੁਣੀ ਗਈ ਤੇ ਅਜੇ ਅੱਧ-ਵਾਟੇ ਹੀ ਸਾਂ ਕਿ ਪਤਾ ਨਹੀਂ ਕਿਹੜਾ ਭੈ-ਸਾਗਰ ਮਨ 'ਚ ਤੁਫ਼ਾਨ ਬਣ ਕੇ ਉੱਠਿਆ ਕਿ ਸਭ ਕੁਝ ਭੁੱਲ ਗਿਆ। ਨਿਰਾਸ਼ ਸਟੇਜ ਤੋਂ ਹੇਠਾਂ ਆ ਗਿਆ। ਬੜਾ ਉਦਾਸ। ਥੋੜ੍ਹੇ ਚਿਰਾਂ ਬਾਅਦ ਫੇਰ ਸ਼ੁੱਧ ਗੁਰਬਾਣੀ ਉਚਾਰਨ ਪ੍ਰਤੀਯੋਗਤਾ ਬਾਬਤ ਆਵਾਜ਼ ਦਿੱਤੀ ਗਈ ਤੇ ਮੇਰੇ ਸਾਥੀਆਂ ਨੇ ਕਹਿ-ਕਹਾ ਕੇ ਤੋਰ ਦਿੱਤਾ। ਇਸ ਗੱਲ ਤੋਂ ਅੱਜ ਤੀਕ ਅਣਜਾਣ ਹਾਂ ਕਿ ਮੇਰੇ ਲਈ ਇਹ ਹੱਲਾਸ਼ੇਰੀ ਸੀ ਜਾਂ ਕਲੋਲ। ਕਿਉਂਕਿ ਬਿਲਕੁਲ ਨਵੇਂ ਬੰਦੇ ਦਾ ਬਾਣੀਆਂ ਨਾਲ ਵਾਹ ਪਾਉਣਾ, ਕੀ ਸੀ ਇਸ ਪਿੱਛੇ?ਮੈਨੂੰ ਨਹੀਂ ਪਤਾ। ਜਾਂਦਿਆਂ ਹੀ ਡੌਰ-ਭੌਰ ਉੱਡ ਗਏ। ਜਦੋਂ ਜਾ ਕੇ ਵੇਖਿਆ ਕਿ ਇਹ ਤਾਂ ਜਪੁਜੀ ਸਾਹਿਬ ਸੁਣ ਰਹੇ ਨੇ ਤੇ ਜਪੁਜੀ ਸਾਹਿਬ ਬਾਰੇ ਮੈਨੂੰ ਕੁਝ ਵੀ ਇਲਮ

ਨਹੀਂ ਸੀ। ਕਦੀ ਪੜ੍ਹਿਆ ਹੀ ਨਹੀਂ ਸੀ। ਬਾਕੀਆਂ ਨਾਲ ਬੈਠਾ ਰਿਹਾ। ਨਿਰਣਾਇਕ ਸਨ ਸੰਤ ਗੁਰਮੁਖ ਸਿੰਘ ਜੀ ਰਹਿਬਰ, ਸੂਬਾ ਹਰਜੀਤ ਸਿੰਘ ਜੀ ਮੁਠੱਡਾ ਤੇ ਸੂਬਾ ਜਸਵੀਰ ਸਿੰਘ ਜੀ ਪੱਦੀ ਖ਼ਾਲਸਾ ਜਿਨ੍ਹਾਂ ਤੋਂ ਵਾਕਫ਼ ਨਹੀਂ ਸਾਂ। ਜਦ ਵਾਰੀ ਆਈ ਤਾਂ ਮੈਂ ਭੋਲੇਪਨ 'ਚ ਕਹਿ ਛੱਡਿਆ, ਜੀ ਮੈਨੂੰ ਜਪੁਜੀ ਸਾਹਿਬ ਨੀਂ ਆਉਂਦਾ। ਮੇਰੇ ਤੋਂ ਰਹਿਰਾਸ ਸੁਣ ਲਓ। ਸਾਰੇ ਥੋੜ੍ਹਾ ਹੱਸੇ ਤੇ ਮੈਨੂੰ ਸਿਲੇਬਸ ਵਾਲਾ ਕਾਰਡ ਖੋਲ੍ਹ ਕੇ ਵਿਖਾਉਣ ਲੱਗੇ ਜਿਹੜਾ

ਮੈਂ ਸੰਮੇਲਨ ਵਿੱਚ ਪਹੁੰਚ ਕੇ ਹੀ ਪਹਿਲੀ ਵਾਰ ਵੇਖਿਆ ਸੀ। ਆਖਿਆ ਪੁੱਤਰ ਜੀ! ਆਹ ਵੇਖੋ ਸਿਲੇਬਸ,ਇਸ ਵਿੱਚ ਜਪੁਜੀ ਸਾਹਿਬ ਦਿੱਤਾ ਗਿਆ ਹੈ। ਜਦੋਂ ਮੈਨੂੰ ਉਂਗਲੀ ਧਰ ਕੇ ਜਪੁਜੀ ਸਾਹਿਬ ਵਿਖਾਇਆ ਤੇ ਨਾਲ 'ਅਤੇ' ਪਾ ਕੇ 'ਕੀਰਤਨ ਸੋਹਿਲਾ' ਲਿਖਿਆ ਮੇਰੀ ਨਜ਼ਰੀਂ ਪੈ ਗਿਆ। ਮੈਂ ਫੇਰ ਹਿੰਮਤ ਕੀਤੀ ਤੇ ਆਖ ਦਿੱਤਾ, ਨਹੀਂ ਤੇ ਫਿਰ ਤੁਸੀਂ ਮੈਥੋਂ ਕੀਰਤਨ ਸੋਹਿਲਾ ਸੁਣਲਉ। ਇਨ੍ਹਾਂ ਆਖਣ ਦੀ ਦੇਰ ਸੀ ਕਿ ਸਾਰੇ ਰਾਜ਼ੀ ਹੋ ਗਏ। ਉਨ੍ਹਾਂ ਮੇਰੇ ਤੋਂ ਇਹ ਤੁਕਾਂ ਸੁਣੀਆਂ:-

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੋਹੀ।।
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ।।
ਸਭ ਮਹਿ ਜੋਤਿ ਜੋਤਿ ਹੈ ਸੋਇ।।
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ।।
ਗੁਰ ਸਾਖੀ ਜੋਤਿ ਪਰਗਟੁ ਹੋਇ।।
ਜੋ ਤਿਸ ਭਾਵੈ ਸੁ ਆਰਤੀ ਹੋਇ।।

ਚਾਅ-ਚਾਅ 'ਚ ਮੈਂ ਇੱਕੋ ਸਾਹੇ ਬਿਨਾਂ ਰੁਕੇ ਇਹ ਤੁਕਾਂ ਸੁਣਾ ਦਿੱਤੀਆਂ। ਬੜੇ ਖੁਸ਼ ਹੋਏ ਅਤੇ ਸੂਬਾ ਜੀ ਨੇ ਮੈਨੂੰ ਥਾਪੀ ਦੇ ਕੇ ਸ਼ਾਬਾਸ਼ੀ ਦਿੱਤੀ। ਤੁਰਨ ਲੱਗੇ ਤੇ ਕਿਸੇ ਨੇ ਆਖ ਦਿੱਤਾ ਕਿ ਇਹ ਮੁੰਡਾ ਤੇ ਢੋਲਕੀ ਵੀ ਬੜੀ ਵਧੀਆ ਵਜਾਉਂਦਾ ਹੈ। ਜਦਕਿ ਮੈਂ ਤੇ ਹਾਲੇ ਸ਼ੁਰੂਆਤ ਹੀ ਕੀਤੀ ਸੀ। ਖੌਰੇ ਕਹਿਣ ਵਾਲਾ ਕੋਈ ਜਾਣਕਾਰ ਹੋਵੇ। ਸੁਣਦਿਆਂ ਸਾਰ ਫੇਰ ਬਿਠਾ ਲਿਆ ਤੇ ਪੁੱਛਣ ਲੱਗੇ ਅੱਛਾ! ਫੇਰ ਤੂੰ ਢੋਲਕੀ ਮਾਸਟਰਾ ਵੀ ਆਂ? ਤੇ ਮੈਂ ਵੀ ਬੜੇ ਮਾਣ ਨਾਲ ਹਾਂਜੀ ਕਹਿ ਕੇ ਸਿਰ ਮਾਰ ਛੱਡਿਆ। ਉਦੋਂ ਬਚਪਨਾ ਸੀ। ਮਾਸਟਰੀ ਦੇ ਮਾਇਨੇ ਨਹੀਂ ਸਨ ਪਤਾ। ਮਾਸਟਰ ਤਾਂ ਆਪਾਂ ਉਦੋਂ ਕੀ, ਹਾਲੇ ਤੱਕ ਨਹੀਂ ਬਣ ਸਕੇ। ਪਰ ਹਾਂ, ਯਕੀਨ ਹੈ, ਉਨ੍ਹਾਂ ਗੁਰਮੁਖ ਪਿਆਰਿਆਂ ਦੀ ਜ਼ੁਬਾਨੋਂ ਨਿਕਲੇ ਮਾਸਟਰ ਸ਼ਬਦ ਨੇ ਐਸੀ ਅਸੀਸ ਬਖਸ਼ੀ ਹੋਵੇਗੀ ਜਿਸ ਨੇ ਮੈਨੂੰ ਢੋਲਕੀ ਦੇ ਰਾਹ ਤੋਰ ਦਿੱਤਾ। ਨਤੀਜਾ ਘੋਸ਼ਿਤ ਹੋਇਆ ਤੇ ਮੇਰਾ ਨਾਂ ਇਸ ਮੁਕਾਬਲੇ ਦੇ ਪਲੇਠੇ (ਪਹਿਲੇ) ਪੁਰਸਕਾਰ ਲਈ ਐਲਾਨਿਆ ਗਿਆ। ਅੱਤ ਦੀ ਖੁਸ਼ੀ ਹੋਈ ਤੇ ਆਣ ਕੇ ਉਸਤਾਦ ਹੁਰਾਂ ਦੇ ਚਰਨੀਂ ਹੱਥ ਲਾਇਆ। ਅਸ਼ੀਰਵਾਦ ਦੇ ਰੂਪ ਵਿੱਚ ਇਹ ਸ਼ਬਦ ਸੁਣਨ ਨੂੰ ਮਿਲੇ, ਪੁੱਤਰਾ! ਇਹ ਰੋਜ਼ਾਨਾ ਬਾਣੀ ਪੜ੍ਹਨ ਦਾ ਫਲ ਮਿਲਿਆ ਹੈ ਤੈਨੂੰ। ਤਕੜੇ ਹੋ ਕੇ ਹੋਰ ਮਿਹਨਤ ਕਰੋ ਤੇ ਓਸ ਦਿਨ ਦੇ ਵਿੱਦਿਅਕ ਸੰਮੇਲਨ ਨੇ ਜਿਸ ਵਿੱਚ ਮੈਂ ਇੱਕ ਨਾਵਾਕਫ਼ ਦੀ ਤਰ੍ਹਾਂ ਸ਼ਿਰਕਤ ਕੀਤੀ ਸੀ, ਉਥੋਂ ਮਿਲੇ ਹੌਸਲੇ ਨੇ ਮੈਨੂੰ ਐਸਾ ਗੁਰਮਤਿ ਮਾਰਗ ਦਾ ਪਾਂਧੀ ਬਣਾਇਆ ਜਿਸਦਾ ਦੇਣਾ ਮੈਂ ਅੱਜ ਤੱਕ ਨਹੀਂ ਦੇ ਸਕਿਆ ਤੇ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਵੀ ਨਹੀਂ ਦੇ ਸਕਾਂਗਾ। ਓਸ ਦਿਨ ਤੋਂ ਹੀ ਕਦੀ ਪਿਛਾਂਹ ਮੁੜ ਕੇ ਨਹੀਂ ਤੱਕਿਆ ਤੇ ਅੱਜ ਜੋ ਮਾਣ-ਸਤਿਕਾਰ, ਪਿਆਰ-ਮੁਹੱਬਤ, ਗਿਆਨ-ਵਿੱਦਿਆ, ਸੁਮੱਤ-ਪਛਾਣ, ਸੇਵਾ-ਸਿਮਰਨ ਤੇ ਸਿੱਖੀ-ਸਿਦਕ ਮੇਰੀ ਝੋਲੀ ਪਿਆ ਹੈ, ਉਹ ਸਭ ਵਿੱਦਿਅਕ ਸੰਮੇਲਨਾਂ ਦੀ ਬਦੌਲਤ ਅਤੇ ਸਤਿਗੁਰਾਂ ਦੀ ਰਹਿਮਤ ਹੈ। ਨਹੀਂ ਤਾਂ-

ਪੱਲੇ ਮੇਰੇ ਵੀ
ਕੱਖ ਨਾ ਹੁੰਦਾ।
ਜੇ ਸਿਰ 'ਤੇ ਸਤਿਗੁਰ ਦਾ
ਹੱਥ ਨਾ ਹੁੰਦਾ
ਵਿੱਦਿਅਕ ਸੰਮੇਲਨਾਂ ਦੀ ਉਡੀਕ 'ਚ

ਪਿੰਡ ਤੇ ਡਾਕ- ਵਜੀਦ ਪੁਰ
ਜ਼ਿਲ੍ਹਾ- ਨਵਾਂ ਸ਼ਹਿਰ
ਮੋਬਾ. 9465625437

# ਗੁੱਸਾ ਮਨਿ ਨ ਹੰਢਾਇ

ਹਰਪਾਲ ਸਿੰਘ ਸੇਵਕ

ਜੋ ਚੀਜ ਜਾਂ ਵਰਤਨ ਦੀ ਵਸਤੂ ਸੁਖਦਾਇਕ ਹੋਵੇ ਅਸੀਂ ਉਸਨੂੰ ਵਰਤਦੇ ਹਾਂ, ਹੰਢਾਉਂਦੇ ਹਾਂ। ਪਰ ਜਿੰਦਗੀ ਵਿੱਚ ਅਗਿਆਨਤਾ ਵੱਸ ਜਾਂ ਕਾਮਨਾਵਾਂ ਅਧੀਨ ਅਸੀਂ ਬਹੁਤ ਕੁਝ ਉਹ ਵੀ ਵਰਤਦੇ ਹਾਂ ਜੋ ਦੁਖਦਾਇਕ ਹੁੰਦਾ ਹੈ, ਸਾਡੀਆ ਕਈ ਆਦਤਾਂ, ਸਾਡਾ ਸੁਭਾਅ ਹੀ ਸਾਡੀਆਂ ਕਈ ਸਮੱਸਿਆਵਾਂ ਦਾ ਕਾਰਣ ਬਣਦਾ ਹੈ ਜਿਵੇਂ ਗੁੱਸੇ ਵਾਲਾ ਸੁਭਾਅ ਜਿੰਦਗੀ ਨੂੰ ਅਤਿ ਦੁਖਦਾਈ ਬਣਾ ਦੇਂਦਾ ਹੈ।

ਗੁੱਸੇ ਦਾ ਅਰਥ ਹੈ, ਦੂਜਿਆਂ ਦੀਆਂ ਗਲਤੀਆਂ ਦੀ ਸਜਾ ਆਪਣੇ ਆਪ ਨੂੰ ਦੇਣਾ। ਕਰੋਧ ਹਵਾ ਦਾ ਉਹ ਬੁੱਲਾ ਹੈ ਜੋ ਵਿਵੇਕ ਬੁੱਧੀ ਦੇ ਦੀਵੇ ਨੂੰ ਬੁਝਾ ਦੇਂਦਾ ਹੈ। ਗੁੱਸਾ, ਕਿਸੇ ਸਮੱਸਿਆ ਦਾ ਹੱਲ ਨਹੀਂ ਸਗੋਂ ਕ੍ਰੋਧ ਖ਼ੁਦ ਇੱਕ ਸਮੱਸਿਆ ਹੈ। ਜੋ ਵਿਅਕਤੀ ਗੁੱਸੇ ਤੇ ਕਾਬੂ ਨਹੀਂ ਰੱਖ ਸਕਦਾ ਉਹ ਹਮੇਸ਼ਾ ਤਣਾਉ ਵਿੱਚ ਰਹਿੰਦਾ ਹੈ। ਗੁੱਸੇ ਵਿੱਚ ਲਏ ਗਏ ਸਭ ਫੈਸਲੇ ਨਜ਼ਾਇਜ਼ ਹੁੰਦੇ ਹਨ। ਕ੍ਰੋਧ ਦਾ ਸਭ ਤੋਂ ਵੱਡਾ ਔਗੁਣ ਹੈ ਕਿ ਉਹ ਦੋਸ਼ੀ ਅਤੇ ਨਿਰਦੋਸ਼ ਵਿੱਚ ਫਰਕ ਨਹੀਂ ਸਮਝ ਸੱਕਦਾ। ਸੁਭਾ ਤੋਂ ਸ਼ਾਮ ਤੱਕ ਵਿਅਕਤੀ ਉਨ੍ਹਾਂ ਨਹੀਂ ਥੱਕਦਾ ਜਿਨ੍ਹਾਂ ਕਿ ਕ੍ਰੋਧ ਅਤੇ ਚਿੰਤਾ ਨਾਲ ਕੁਝ ਪਲਾਂ ਵਿੱਚ ਥੱਕ ਜਾਂਦਾ ਹੈ। ਜੇ ਕੋਈ ਸਾਨੂੰ ਕ੍ਰੋਧ ਦਿਵਾਉਣ ਵਿੱਚ ਸਫਲ ਹੋ ਜਾਂਦਾ ਹੈ ਤਾਂ ਮੰਨ ਜਾਈਏ ਕਿ ਅਸੀਂ ਉਸਦੇ ਹੱਥ ਦੀ ਕੱਠਪੁਤਲੀ ਹਾਂ। ਆਪਦੇ ਮੁੱਖ ਤੇ ਮੁਸਕਰਾਹਟ ਈਸ਼ਵਰੀ ਦਾਤ ਹੈ, ਰੱਬੀ ਹਸਤਾਖਰ ਹੈ। ਉਸਨੂੰ ਕਰੋਧ ਨਾਲ ਮਿਟਾਉਣ ਦੀ ਕੋਸ਼ਿਸ਼ ਨਾ ਕਰੋ। ਕ੍ਰੋਧ ਆਉਣ ਤੇ ਚੀਕਣ ਲਈ ਤਾਕਤ ਤਾਂ ਨਹੀਂ ਲੱਗਦੀ ਪਰ ਕ੍ਰੋਧ ਆਉਣ ਤੇ ਸ਼ਾਂਤ ਰਹਿਣ ਲਈ ਬਹੁਤ ਤਾਕਤ ਦੀ ਜ਼ਰੂਰਤ ਹੁੰਦੀ ਹੈ। ਮੂਰਖ ਮਨੁੱਖ ਕ੍ਰੋਧ ਨੂੰ ਜੋਰ-ਜੋਰ ਨਾਲ ਪ੍ਰਗਟ ਕਰਦਾ ਹੈ ਪਰ ਬੁੱਧੀਮਾਨ ਪੁਰਸ਼ ਉਸ ਨੂੰ ਸ਼ਾਂਤੀ ਨਾਲ ਵੱਸ ਵਿੱਚ ਕਰਦਾ ਹੈ। ਗੁੱਸੇ ਨੂੰ ਸ਼ਾਂਤ ਕਰਨ ਲਈ ਮੌਨ ਸਭ ਤੋਂ ਵੱਧ ਸਹਾਇਕ ਹੁੰਦਾ ਹੈ। ਕ੍ਰੋਧ ਦਾ ਆਪਣਾ ਪੂਰਾ ਪਰਿਵਾਰ ਹੈ। ਕ੍ਰੋਧ ਦੀ ਲਾਡਲੀ ਭੈਣ ਹੈ 'ਜਿੱਦ' ਪਤਨੀ ਹੈ 'ਹਿੰਸਾ' ਕ੍ਰੋਧ ਦਾ ਵੱਡਾ ਭਰਾ ਹੈ 'ਹੰਕਾਰ' ਕ੍ਰੋਧ ਦਾ ਬਾਪ ਜਿਸ ਤੋਂ ਇਹ ਡਰਦਾ ਹੈ 'ਭਯ' ਬੇਟੀਆਂ ਹਨ 'ਨਿੰਦਾ ਤੇ ਚੁਗਲੀ' ਕ੍ਰੋਧ ਦਾ ਬੇਟਾ ਹੈ 'ਵੈਰ' ਇਸ ਖਾਨਦਾਨ ਦੀ ਬਹੂ ਹੈ 'ਈਰਖਾ' ਪੋਤੀ ਹੈ 'ਘਿਰਣਾ' ਇਸ ਦੀ ਮਾਂ ਹੈ 'ਉਪੇਕਸ਼ਾ' ਇਸ ਲਈ ਸੁਖੀ ਰਹਿਣ ਲਈ ਕ੍ਰੋਧ ਦੇ ਪੂਰੇ ਖਾਨਦਾਨ ਤੋਂ ਦੂਰ ਰਹੋ। ਨਹੀਂ ਤਾਂ ਇਹ ਸਾਰੇ ਮਿਲ ਕੇ ਮਨੁੱਖ ਨੂੰ ਬਰਬਾਦ ਕਰ ਦੇਂਦੇ ਹਨ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਪਾਰਸਨਾਥ ਦੀ ਕਥਾ ਵਿੱਚ ਕ੍ਰੋਧ ਬਾਰੇ ਲਿਖਦੇ ਹਨ-

ਜਵਨ ਕ੍ਰੁੱਧ ਕੈ ਜੁੱਧ ਕਰਣ ਕੈਰਵ ਰਣ ਘਾਏ॥
ਜਾਸ ਕ੍ਰੋਧ ਕੇ ਕੀਨ ਖਸ਼ਟ ਕੁਲ ਜਾਦਵ ਜੁੱਝੇ॥
ਸੋਊ ਤਾਸ ਮਾਨ ਸੈਨਾਧਿਪਤ ਜਦਿਨ ਰੋਸ ਵਹੁ ਆਇ ਹੈ॥
ਬਿਨ ਇਕ ਬਿਬੇਕ ਸੁਨਹੋ ਨ੍ਰਿਪਤਿ ਅਵਰ ਸਮੁਹਿ ਕੋ ਜਾਇ ਹੈ॥

ਕ੍ਰੋਧ ਦਾ ਸਾਹਮਣਾ ਵਿਵੇਕ ਬੁੱਧੀ ਹੀ ਕਰ ਸਕਦੀ ਹੈ। ਕ੍ਰੋਧ ਨੂੰ ਆਪਣੇ ਦਿਲੋ ਦਿਮਾਗ ਵਿੱਚ ਵੱਸਣ ਨਾ ਦਿੱਤਾ ਜਾਵੇ ਕਿਉਂਕਿ ਕ੍ਰੋਧ ਮਨ ਵਿੱਚ ਕਲੇਸ਼ ਪੈਦਾ ਕਰਦਾ ਹੈ ਅਤੇ ਤਨ ਨੂੰ ਗਾਲਦਾ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਰਾਗ ਰਾਮਕਲੀ ਵਿੱਚ ਫੁਰਮਾਉਂਦੇ ਹਨ-

ਕਾਮੁ ਕ੍ਰੋਧੁ ਕਾਇਆ ਕਉ ਗਾਲੈ।
ਜਿਉ ਕੰਚਨ ਸੋਹਾਗਾ ਢਾਲੈ॥

ਖਿਮਾ, ਧੀਰਜ ਅਤੇ ਪਰ-ਉਪਕਾਰ ਦੀ ਭਾਵਨਾ ਨਾਲ ਜੇ ਕ੍ਰੋਧ ਤੇ ਕਾਬੂ ਪਾ ਲਿਆ ਜਾਵੇ ਤਾਂ ਮਨ-ਤਨ ਅਰੋਗ ਰਹਿੰਦਾ ਹੈ ਅਤੇ ਪ੍ਰਭੂ ਦੇ ਦਰ ਤੋਂ ਸਭੋ ਦੈਵੀ ਦਾਤਾਂ ਪ੍ਰਾਪਤ ਹੋ ਜਾਂਦੀਆਂ ਹਨ-

ਬਾਬਾ ਫ਼ਰੀਦ ਜੀ ਦਾ ਫ਼ੁਰਮਾਣ ਹੈ-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨਾ ਹੰਢਾਇ।
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।

# ਜਿਸਨੂੰ ਪਿਆਰ ਕਰਦੇ ਹੋਈਏ......

ਹਰਪਾਲ ਸਿੰਘ ਪੰਨੂ ਦੇ ਇੰਟਰਵਿਊ ਚੋਂ

ਕੈਸਾ ਰੇਸ਼ਮੀ ਦਿਲ ਔਰ ਦਿਮਾਗ ਹੈ ਹਾਫਿਜ਼ ਸ਼ਿਰਾਜੀ ਦਾ ਉਸ ਦਾ ਇੱਕ ਟੂਕ ਮਾਤਰ: ਕਥਨ

'ਬੁਲਬੁਲ ਤੇ ਗੁਲਾਬ, ਬਾਰੇ ਇਰਾਨ ਦੇ ਕਲਚਰ ਵਿੱਚ ਲੋਕ ਵਿਸ਼ਵਾਸ ਹੈ, ਕਿ ਬੁਲਬੁਲ ਅਤੇ ਗੁਲਾਬ ਦਾ ਇਸ਼ਕ ਹੈ ਆਪਸ ਵਿੱਚ। ਇਹ ਹਾਫ਼ਿਜ਼ ਸ਼ਿਰਾਜ਼ੀ ਨੇ ਤੇ ਅਨੇਕ ਵਾਰ ਆਪਣੀਆਂ ਨਜ਼ਮਾਂ ਵਿੱਚ ਵਰਤਿਆ ਹੀ ਵਰਤਿਆ ਹੈ, ਸੱਯਦ ਵਾਰਸ ਸ਼ਾਹ ਵੀ ਵਰਤਦੇ ਹਨ–

ਸੇਵਨ ਬੁਲਬੁਲਾ ਬੂਟਿਆਂ ਸੁੱਕਿਆਂ ਨੂੰ,  
ਫੇਰ ਫੁੱਲ ਲੱਗਣ ਨਾਲ ਡਾਲ ਦੇ ਨੀਂ।  
ਵਾਰਸ ਸ਼ਾਹ ਜੋ ਗਏ ਸੋ ਨਹੀਂ ਮੁੜਦੇ,  
ਲੋਕੀਂ ਅਸਾਂ ਥੀਂ ਆਵਣਾ ਭਾਲਦੇ ਨੀਂ॥

ਬੁਲਬੁਲ ਦਾ ਤੇ ਗੁਲਾਬ ਦਾ ਉੱਥੇ ਵੀ ਜਿਕਰ ਹੈ। ਈਰਾਨੀ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਪੱਤਝੜ ਦੇ ਦਿਨਾਂ ਵਿੱਚ ਬੁਲਬੁਲਾਂ ਸੁੱਕੀਆਂ ਟਹਿਣੀਆਂ ਤੇ ਬੈਠ ਕੇ ਅਰਦਾਸਾਂ ਕਰਦੀਆਂ ਨੇ। ਉਨ੍ਹਾਂ ਦੀਆਂ ਅਰਦਾਸਾਂ ਸੁਣ ਕੇ ਫੇਰ ਰੱਬ ਬਸੰਤ ਰੁੱਤ ਭੇਜਦਾ ਹੈ, ਫੇਰ ਫੁੱਲ ਆਉਂਦੇ ਨੇ, ਫੇਰ ਫਲ ਆਉਂਦੇ ਨੇ। ਜਣੀ ਬੰਦੇ ਦੀ ਇਹ ਕਿਸਮਤ ਨਹੀਂ ਕਿ ਉਸਦੀਆਂ ਅਰਦਾਸਾਂ ਨਾਲ ਫਲ-ਫੁੱਲ ਆਉਣ, ਪੰਛੀਆਂ ਦੀਆਂ ਅਰਦਾਸਾਂ ਸੁਣਦਾ ਹੈ ਰੱਬ। ਇਸ ਤਰ੍ਹਾਂ ਦਾ ਹਾਫ਼ਿਜ਼ ਸ਼ਿਰਾਜ਼ੀ ਦੀ ਸ਼ਾਇਰੀ ਵਿੱਚ ਇੱਕ ਕਥਨ ਹੈ:

ਬੁਲਬੁਲ ਨੇ ਗੁਲਾਬ ਨੂੰ ਕਿਹਾ:

ਮਾਣ ਨਾ ਕਰ, ਫ਼ਖ਼ਰ ਨਾ ਕਰ,  
ਹਵਾ ਦਾ ਇੱਕ ਬੁੱਲਾ ਆਏਗਾ,  
ਤੂੰ ਪੰਖੜੀ-ਪੰਖੜੀ ਹੋ ਕੇ ਡਿੱਗੇਂਗਾ।  
ਤੇਰਾ ਨਾਮ ਨਿਸ਼ਾਨ ਨਹੀਂ ਰਹੇਗਾ।  
ਮਾਣ ਨਾ ਕਰ॥

ਗੁਲਾਬ ਨੇ ਕਿਹਾ:

ਮੈਂ ਤਾਂ ਤੇਰੀ ਕਿਸੇ ਵੀ ਗਲ ਦਾ ਬੁਰਾ ਨਹੀਂ ਮਨਾਉਂਦਾ,  
ਇਹ ਕਥਨ ਜੇਹੜਾ ਹੁਣ ਤੂੰ ਕਿਹਾ ਹੈ  
ਇਹ ਤਾਂ ਅਨੰਤ ਸੱਚ ਹੈ,  
ਤਾਂ ਵੀ ਮੈਂ ਤੈਨੂੰ ਇਹ ਦੱਸਣਾ ਹੈ,  
ਕਿ ਜਿਸਨੂੰ ਪਿਆਰ ਕਰਦੇ ਹੋਈਏ,  
ਉਸ ਨਾਲ ਇਹੋ ਜਹੀਆਂ ਗੱਲਾਂ ਨਹੀਂ ਕਰਦੀਆਂ॥

# ਪਾਠਕਾਂ ਲਈ ਵਿਸ਼ੇਸ਼


ਡਾ. ਆਲਾ ਸਿੰਘ

## "ਗੁਰਬਾਣੀ ਰੂਪੀ ਚਿੱਤਰਕਾਰੀ"

ਗੁਰਬਾਣੀ ਦੀ ਹੇਠ ਦਿੱਤੀ ਤੁਕ ਦੇ ਭਾਵ ਅਨੁਸਾਰ ਕੋਈ ਚਿੱਤਰ ਬਣਾਇਆ ਜਾਵੇ ਜਿਸ ਵਿਚ ਬਾਣੀ ਦਾ ਭਾਵ ਸਪੱਸ਼ਟ ਹੁੰਦਾ ਹੋਵੇ, ਜਿਹੜੇ ਦੇ ਚਿੱਤਰ ਵਧੀਆ ਹੋਣਗੇ, ਉਹਨਾਂ ਨੂੰ ਅਗਲੇ "ਸਤਿਜੁਗ" ਪਰਚੇ ਵਿੱਚ ਛਾਪਿਆ ਜਾਵੇਗਾ, ਅਤੇ "ਸਤਿਜੁਗ" ਦੇ ਸੋਸ਼ਲ ਮੀਡੀਆ ਅਕਾਊਂਟ ਤੇ ਵੀ ਅੱਪਲੋਡ ਕੀਤਾ ਜਾਵੇਗਾ।

**"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥"**

## ਵਿਸ਼ੇਸ਼ ਪ੍ਰਸ਼ਨੋਤਰੀ




**ਖੱਬੀਓਂ ਸੱਜੇ**

1. ਮਹੀਨੇ ਦਾ ਪਹਿਲਾ ਦਿਨ ?
2. ਗੁਰਬਾਣੀ ਵਿਚ ਆਖਰੀ ਰਾਗ ?
3. ਪੰਜਾਬ ਦਾ ਸਭ ਤੋਂ ਵੱਡਾ ਜ਼ਿਲ੍ਹਾ ?
4. ਪੰਜਾਬੀ ਭਾਸ਼ਾ ਨੂੰ ਕਿਹੜੇ ਸੰਨ ਵਿੱਚ ਪੰਜਾਬ ਦੇ ਸਕੂਲਾਂ ਵਿੱਚ ਲਾਜ਼ਮੀ ਵਿਸ਼ੇ ਵਜੋਂ ਲਾਗੂ ਕੀਤਾ ਗਿਆ ?
5. ਮਹਾਂਭਾਰਤ ਕਾਲ ਵਿਚ ਪੰਜਾਬ ਦਾ ਨਾਮ ਕੀ ਸੀ?

**ਉੱਪਰੋਂ ਥੱਲੇ**

6. ਭਾਈ ਲਹਿਣਾ ਜੀ ਦੇ ਪਿਤਾ ਜੀ ਦਾ ਨਾਮ ?
7. ਕਿਹੜੇ ਭਗਤ ਦੀ ਰਚਿਤ ਬਾਣੀ, ਗੁਰਬਾਣੀ ਵਿਚ ਸਭ ਤੋਂ ਵੱਧ ਮਿਲਦੀ ਹੈ ?
8. ਪੰਜਾਬੀ ਭਾਸ਼ਾ ਦਾ ਸਭ ਤੋਂ ਪਹਿਲਾ ਵਿਆਕਰਣ ਕਿਸ ਦੀ ਰਚਨਾ ਹੈ ?

9. ਪੰਜਾਬੀ ਭਾਸ਼ਾ ਦਾ ਪਹਿਲਾ ਸਾਹਿਤ ਅਕਾਦਮੀ ਅਵਾਰਡ ਕਿਸ ਨੂੰ ਮਿਲਿਆ ?
10. "ਮਹਾਂ ਨੂਰ" ਕਿਤਾਬ ਕਿਸ ਗੁਰੂ ਸਾਹਿਬ ਨਾਲ ਸਬੰਧਤ ਹੈ?

ਪਾਠਕ, ਇਹਨਾਂ ਪੁੱਛੇ ਗਏ ਸਵਾਲਾਂ ਮੁਤਾਬਕ ਖਾਲੀ ਥਾਵਾਂ ਨੂੰ ਭਰਨ ਦਾ ਯਤਨ ਕਰਨ, ਅਤੇ ਇਹਨਾਂ ਦੇ ਜਵਾਬ ਸਾਨੂੰ ਈ-ਮੇਲ ਰਾਹੀਂ ਜਾ ਵੱਟਸਐਪ ਰਾਹੀਂ ਭੇਜਣ, ਸਹੀ ਜਵਾਬ ਦੇਣ ਵਾਲਿਆਂ ਦੇ ਨਾਮ ਅਤੇ ਉਹਨਾਂ ਦੇ ਉੱਤਰ ਅਗਲੇ ਪਰਚੇ ਵਿਚ ਦੱਸੇ ਜਾਣਗੇ।

ਪਾਠਕ ਅਪਣਾ ਨਾਮ, ਉਮਰ, ਪਤਾ, ਅਤੇ ਫੋਨ ਨੰਬਰ ਜਾਂ ਈਮੇਲ
ਹੇਠ ਦਿੱਤੇ ਪਤੇ ਤੇ ਭੇਜਣ
ਈਮੇਲ: vnvj@sribhainisahib.com,
ਵੱਟਸਐਪ: 9463010382

## ਕੀ ਤੁਸੀਂ ਜਾਣਦੇ ਹੋ ?

1. ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ (ਯਾਤਰਾਵਾਂ) ਦੌਰਾਨ ਤਕਰੀਬਨ 28000 ਕਿਲੋ ਮੀਟਰ ਦਾ ਪੈਂਡਾ ਤੈਅ ਕੀਤਾ।
2. ਰਾਏ ਬੁਲਾਰ ਭੱਟੀ, ਗੁਰੂ ਨਾਨਕ ਦੇਵ ਜੀ ਨੂੰ ਰੱਬੀ ਰੂਪ ਜਾਨਣ ਵਾਲੇ ਪਹਿਲੇ ਸ਼ਰਧਾਲੂ ਸਨ, ਅੱਜ ਕੱਲ ਇਹਨਾਂ ਦੇ ਵੰਸ਼ਜ ਪਾਕਿਸਤਾਨ 'ਚ ਨਿਵਾਸ ਰਖਦੇ ਹਨ।
3. ਗੁਰੂ ਨਾਨਕ ਦੇਵ ਜੀ, ਸੰਨ 1510-1511 ਵਿੱਚ, ਇਕ ਵਾਰ ਰਾਮ ਜਨਮਭੂਮੀ (ਅਯੁੱਧਿਆ) ਵਿਖੇ ਵੀ ਗਏ, ਅਤੇ ਸਤਿਗੁਰੂ ਜੀ ਦੇ ਇਸ ਇਤਿਹਾਸਕ ਦੌਰੇ ਨੇ "ਰਾਮ ਜਨਮਭੂਮੀ" ਦੇ ਵਿਵਾਦਿਤ ਮਸਲੇ ਨੂੰ ਸੁਲਝਾਉਣ ਵਿਚ ਇੱਕ ਅਹਿਮ ਭੂਮਿਕਾ ਨਿਭਾਈ ।
4. ਪੂਰੀ ਦੁਨੀਆਂ ਵਿਚ ਸ਼ਾਕਾਹਾਰੀਆਂ ਦੀ ਸਭ ਤੋਂ ਜਿਆਦਾ ਗਿਣਤੀ ਭਾਰਤ ਵਿੱਚ ਹੈ।
5. ਸਤਿਗੁਰੂ ਰਾਮ ਸਿੰਘ ਜੀ, ਇੱਕੋ-ਇੱਕ ਪੰਜਾਬੀ ਸ਼ਖਸੀਅਤ ਹਨ, ਜਿਨ੍ਹਾਂ ਦਾ ਜ਼ਿਕਰ "1000 ਯੀਅਰ, 1000 ਪੀਪਲ" ਨਾਮਕ ਕਿਤਾਬ ਵਿਚ ਆਉਂਦਾ ਹੈ। ਇਸ ਕਿਤਾਬ ਵਿੱਚ ਉਹਨਾਂ 1000 ਮਹਾਨ ਪ੍ਰਭਾਵਸ਼ਾਲੀ ਸ਼ਖਸੀਅਤਾਂ ਦਾ ਜ਼ਿਕਰ ਹੈ, ਜਿਨ੍ਹਾਂ ਨੇ ਪਿਛਲੇ 1000 ਸਾਲਾਂ ਵਿਚ ਸੰਸਾਰ ਨੂੰ ਇਕ ਨਵੀਂ ਸੇਧ ਦਿੱਤੀ। ਇਹ ਕਿਤਾਬ ਅਮਰੀਕਾ ਦੇ 4 ਵਿਦਵਾਨਾਂ ਨੇ ਲਿਖੀ।

## Do you know?

1. Guru Nanak dev ji, approximately travelled around 28000 km on foot during his life time, to wide spread humanity & peace.
2. Rai bulaar Bhatti was the first disciple of Guru Nanak. His descendants now resides in Pakistan.
3. Guru Nanak Dev visited Ram Janambhoomi (The birth place of Sri Ram Chander Ji) in 1510-1511 AD. The account of his visit helped in solving a much contentious case of faith in India in 2019.
4. India has the largest number of vegetarians in the world.
5. Satguru Ram Singh is the only personality of Punjabi affiliation, whose reorganisation to social development were acknowledged in the book "1000 Years, 1000 People"

# ਅੜਬੰਗੀ (ਨਾਵਲ)

ਸਵ. ਸੰਤ ਇੰਦਰ ਸਿੰਘ ਚੱਕਰਵਰਤੀ

ਮੈਂ ਹੁਣ ਵੀ ਉਸ ਦਿਨ ਨੂੰ ਬੜਾ ਭਾਗਸ਼ਾਲੀ ਸਮਝਦਾ ਹਾਂ, ਜਿਸ ਦਿਨ ਮੈਨੂੰ ਉਸ ਮਹਾਂ-ਪੁਰਸ਼ ਦੇ ਦਰਸ਼ਨ ਹੋਏ ਜਿਸ ਦੇ ਚਰਨ-ਸੇਵਕ ਭਗਵਾਨ ਸਿੰਘ ਅੜਬੰਗੀ ਨੇ ਜੋ ਕੀਤਾ ਆਪਣੇ ਦੇਸ਼ ਦੀ ਭਲਾਈ ਤੇ ਸਤਿਗੁਰੂ ਦੀ ਆਗਿਆ ਪਾਲਣ ਹਿਤ ਕੀਤਾ। ਸ਼ਾਇਦ ਉਸੇ ਮਹਾਂ-ਪੁਰਸ਼ ਗੁਰੂ ਹਰੀ ਸਿੰਘ ਜੀ ਦੇ ਉਥੇ ਹੋਣ ਦਾ ਸਿੱਟਾ ਸੀ ਕਿ ਮੈਂ ਉਸ ਦਿਨ ਇਨਸਾਫ਼ ਕਰਨ ਵੇਲੇ ਡੋਲਿਆ ਨਾ ਅਤੇ ਮੈਂ ਸਮਝਦਾ ਹਾਂ ਯਸੂਹ ਨੇ ਆਪ ਉਸ ਦਿਨ ਮੇਰੀ ਰੱਖਿਆ ਕੀਤੀ।

ਸਿੱਖ ਰਾਜ ਦਾ ਪਤਨ ਹੋ ਚੁੱਕਾ ਸੀ। ਪਰ ਅਜੇ ਵੀ ਕੋਈ ਕੋਈ, ਟਾਵੇਂ-ਟਾਵੇਂ ਦੇਸ਼ ਭਗਤ ਆਪਣਾ ਖੁੱਸ ਚੁੱਕਾ ਰਾਜ ਵਾਪਸ ਲੈਣ ਦਾ ਯਤਨ ਕਰ ਰਹੇ ਸਨ। ਮਾਲਵੇ ਦੀ ਧਰਤੀ ਬਹੁਤ ਖੁੱਲੀ ਡੁੱਲ੍ਹੀ ਸੀ, ਪੰਜ-ਪੰਜ ਚਾਰ-ਚਾਰ ਕੋਹ ਤੇ ਪਿੰਡ ਸਨ। ਲੋਕੀ ਖੇਤਾਂ ਵਿਚ ਹੀ ਰਿਹਾਇਸ਼ ਰੱਖਦੇ। ਸ੍ਰੀ ਅੜਬੰਗੀ ਜੀ ਆਮ ਤੌਰ ਤੇ ਮਾਲਵੇ ਦੇ ਸਰਦੂਲਗੜ੍ਹ, ਥਰਾਜ, ਸਰਸਾ, ਰਾਣੀਆਂ ਆਦਿ ਪਿੰਡਾਂ ਵਿਚ ਵਿਚਰਦੇ। ਆਮ ਤੌਰ ਤੇ ਜੰਗਲਾਂ ਵਿਚ ਜਾਂ ਖੇਤਾਂ ਵਿਚ ਹੀ ਰਿਹਾਇਸ਼ ਰੱਖਦੇ। ਰੋਟੀ, ਦੁੱਧ, ਲੱਸੀ, ਮੱਖਣ ਪਿੰਡ ਤੋਂ ਆ ਜਾਂਦਾ। ਜਾਨਵਰ, ਮਿਰਗ, ਰੋਝ, ਮੂਨਾ, ਚਿੱਤਲ ਆਮ ਸਨ। ਰਾਮ ਗਊਆਂ ਦੇ ਵੱਗਾਂ ਦੇ ਵੱਗ ਪਏ ਫਿਰਦੇ ਸਨ। ਜਿਸ ਖੇਤ ਵਿਚ ਜਾ ਵੜਦੇ, ਬੋਲੇ ਰਾਮ ਕਰ ਕੇ ਹੀ ਨਿਕਲਦੇ।

ਜਿਸ ਦਿਨ ਤੋਂ ਬਾਬਾ ਦਰਬਾਰਾ ਸਿੰਘ ਰਾਇਪੁਰੀ ਰੰਗੂਨ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰ ਕੇ ਹੁਕਮਨਾਮਾ ਲੈ ਕੇ ਆਏ ਸਨ ਕਿ – "ਹੋਰ ਜੀ ਸਾਰੀ ਸੰਗਤ ਨੂੰ ਖ਼ਬਰ ਸੁਣਾ ਦੇਣੀ, ਅੱਜ ਤੋਂ ਬੁੱਧ ਸਿੰਘ ਕੋਈ ਨਾ ਕਿਹਾ ਕਰੇ, ਇਹਨਾਂ ਦਾ ਨਾਂ ਹਰੀ ਸਿੰਘ ਹੋਇਆ। ਇਹ ਸਿੱਖੀ ਹਰੀ ਰੱਖਣਗੇ, ਮੇਰੇ ਧੱਕੇ ਨੂੰ ਇਹ ਬਖ਼ਸ਼ ਦੇਣਗੇ, ਇਹਨਾਂ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ। ਇਨ੍ਹਾਂ ਨੂੰ ਸਿਰ ਕਰਤਾ ਜਾਨਣਾ। ਸੰਗਤ ਨੇ ਇਸ ਹੁਕਮ ਤੇ ਜਿਵੇਂ ਫੁੱਲ ਚੜਾਏ ਉਹ ਕੋਈ ਗੁੱਝੀ ਛਿਪੀ ਗੱਲ ਨਹੀਂ। ਅੜਬੰਗੀ ਜੀ, ਮਹੀਨੇ ਵਿਚ ਇਕ ਵਾਰ ਸ੍ਰੀ ਭੈਣੀ ਸਾਹਿਬ ਆ ਕੇ ਦਰਸ਼ਨ ਕਰ ਕੇ ਜਾਂਦੇ। ਅੰਤਾਂ ਦੀ ਸ਼ਰਧਾ ਰੱਖਦੇ, ਇਹ ਆਪਣੇ ਸਤਿਗੁਰੂ ਜੀ ਤੇ। ਉਹ ਬਹੁਤ ਹੀ ਵਚਿੱਤਰ ਜਿਹੇ ਬੰਦੇ ਸਨ। ਜਿੱਥੇ ਉਹ ਬਹੁਤ ਬਹਾਦਰ ਸਨ, ਓਥੇ ਦਿਆਲੂ ਤੇ ਨਰਮ ਦਿਲ ਵੀ ਬਾਹਲੇ ਹੀ ਸਨ। ਅੰਗ੍ਰੇਜ਼ ਦੀ ਪੁਲਿਸ, ਖਾਸ ਕਰ ਕੇ ਲੁਧਿਆਣਾ ਦਾ ਬਾਰਬਰਟਨ, ਐਸ.ਪੀ. ਉਨ੍ਹਾਂ ਦੇ ਮਗਰ ਬਹੁਤ ਬੁਰੀ ਤਰ੍ਹਾਂ ਪਿਆ ਹੋਇਆ ਸੀ। ਕੋਈ ਡਾਕਾ ਮਾਰੇ, ਕਿਸੇ ਥਾਂ ਡਾਕਾ ਪਏ, ਅੜਬੰਗੀ ਦਾ ਨਾਂ ਉਸ ਵਿਚ ਜ਼ਰੂਰ ਹੀ ਆ ਜਾਂਦਾ। ਪਰ ਸਾਰਾ ਜ਼ੋਰ ਲਾ ਕੇ ਵੀ ਉਹਨਾਂ ਤੇ ਕੋਈ ਕੇਸ ਉਹ ਬਣਾ ਨਹੀਂ ਸੀ ਸਕਿਆ। ਉਹ ਛਲਾਵੇ ਸਨ। ਹੁਣ ਜਾਂ ਸਵੇਰੇ ਉਹ ਏਥੇ ਦਿਸਣਗੇ ਪਰ ਸ਼ਾਮੀਂ 30-35 ਮੀਲ ਤੇ ਹੋਣਗੇ। ਆਮ ਲੋਕਾਂ, ਖਾਸ ਕਰ ਗਰੀਬ ਗੁਰਬਾ, ਉਹਨਾਂ ਦੀ ਬਹੁਤ ਇਜ਼ਤ ਕਰਦੇ। ਕੋਈ ਵੀ ਗਰੀਬ ਅਜਿਹਾ ਨਹੀਂ ਸੀ, ਜਿਸ ਦੀ ਇਹਨਾਂ ਮਦਦ ਨਾ ਕੀਤੀ ਹੋਵੇ। ਸਤਿਗੁਰੂ ਹਰੀ ਸਿੰਘ ਜੀ ਨੇ ਉਹਨਾਂ ਨੂੰ ਡਾਕਾ ਚੋਰੀ ਆਦਿ ਦੇ ਸਾਰੇ ਕੰਮਾਂ ਤੋਂ ਵਰਜ ਦਿੱਤਾ ਸੀ, ਪਰ ਇਕ ਗੱਲ ਉਹਨਾਂ ਅਰਜ਼ ਕਰ ਕੇ ਸਤਿਗੁਰਾਂ ਨੂੰ ਮਨਵਾ ਲਈ ਕਿ ਉਹ ਆਪ ਡਾਕਾ ਨਹੀਂ ਮਾਰੇਗਾ ਪਰ ਡਾਕੂਆਂ ਦੀ ਸਰਦਾਰੀ ਨਹੀਂ ਛੱਡੇਗਾ। ਉਸ ਦੇ ਬੰਦੇ ਅੰਗਰੇਜ਼ਾਂ ਦੇ ਝੋਲੀ ਚੁੱਕਾਂ ਨੂੰ ਲੁੱਟਦੇ। ਉਸ ਦਾ ਉਹ ਤੀਜਾ ਹਿੱਸਾ ਅੜਬੰਗੀ ਜੀ ਨੂੰ ਦੇਂਦੇ, ਘਰ ਬੈਠਿਆਂ ਨੂੰ। ਉਹ ਇਕ ਦਮੜੀ ਵੀ ਇਸ ਵਿਚੋਂ ਆਪਣੇ ਤੇ ਖ਼ਰਚ ਨਾ ਕਰਦੇ। ਗਰੀਬਾਂ ਨੂੰ ਵੰਡ ਦੇਂਦੇ ਅਤੇ ਉਨ੍ਹਾਂ ਦੀਆਂ ਕੁੜੀਆਂ ਦੇ ਵਿਆਹ ਕਰਦੇ। ਲੋਕੀਂ ਉਨ੍ਹਾਂ ਨੂੰ ਤਰਸ, ਪਿਆਰ, ਰਹਿਮ ਤੇ ਹਮਦਰਦੀ ਦਾ ਦੇਵਤਾ ਸਮਝ ਕੇ ਉਨ੍ਹਾਂ ਦੀ ਪੂਜਾ ਕਰਦੇ। ਬਾਂਗਰ ਦਾ ਇਕ ਚੌਧਰੀ ਹੁਕਮ ਚੰਦ, ਬਹੁਤ ਵੱਡਾ ਬਿਸਵੇਦਾਰ ਸੀ। ਰਾਜਪੂਤਾਨਾ, ਬੀਕਾਨੇਰ ਦੇ ਡਾਕੂ ਉਸ ਕੋਲ ਆਮ ਰਹਿੰਦੇ। ਉਹ ਇਸ ਇਲਾਕੇ ਵਿਚ ਡਾਕਾ ਮਾਰ ਕੇ, ਰਾਜਪੂਤਾਨੇ ਵੱਲ ਨਿਕਲ ਜਾਂਦੇ, ਰਿਆਸਤੀ ਪੁਲਿਸ ਤੇ ਅੰਗਰੇਜ਼ ਦੀ ਪੁਲਿਸ ਉਸ ਦੇ ਬੰਦਿਆਂ ਦਾ ਕੁਝ ਵੀ ਵਿਗਾੜ ਨਾ ਸਕਦੀ। ਕਿਉਂਕਿ ਹੁਕਮ ਚੰਦ ਇਸ ਵਿਚੋਂ ਪਹਿਲਾਂ ਪੁਲਿਸ ਹਿੱਸਾ ਕੱਢ ਕੇ ਬਾਕੀ ਫਿਰ ਵੰਡਦਾ।

ਅੜਬੰਗੀ ਜੀ ਨੇ ਕਈ ਵਾਰ ਇਸ ਨੂੰ ਕਿਹਾ ਕਿ ਤੇਰੇ ਬੰਦੇ ਆਮ ਭਲੇਮਾਣਸ ਸ਼ਹਿਰੀਆਂ ਨੂੰ ਲੁੱਟਦੇ ਹਨ, ਇਹ ਗੱਲ ਚੰਗੀ ਨਹੀਂ, ਤੁਸੀਂ ਉਹਨਾਂ ਨੂੰ ਵਰਜ ਦਿਓ।

ਨਹੀਂ ਤੇ ਇਸ ਦੇ ਨਤੀਜੇ ਚੰਗੇ ਨਹੀਂ ਨਿਕਲਣਗੇ। ਇਕ ਦਿਨ ਉਹਨਾਂ ਸਰਦੂਲਗੜ੍ਹ ਦੇ ਕਰਮ ਚੰਦ ਤੇ ਡਾਕਾ ਮਾਰਿਆ। ਕੁਝ ਵੀ ਬਾਕੀ ਛੱਡਕੇ ਨਾ ਗਏ। ਕਰਮ ਚੰਦ ਬਾਬਾ ਖੁਸ਼ਹਾਲ ਸਿੰਘ ਜੀ ਥਰਾਜ ਦਾ ਖਾਸ ਸਨੇਹੀ ਅਤੇ ਮਾਈਸਰਖਾਨੇ ਵਾਲੇ ਰਤਨਾ ਰਾਮ ਜੀ, ਜੋ ਪੂਰਨ ਭਰੋਸੇ ਵਾਲੇ ਸਿਦਕੀ ਨਾਮਧਾਰੀ ਸਨ, ਦੇ ਰਿਸ਼ਤੇਦਾਰ ਸਨ। ਉਨ੍ਹਾਂ ਹੁਕਮਾਂ ਦੇ ਬੰਦਿਆਂ -- ਆਮ ਲੋਕੀਂ ਹੁਕਮ ਚੰਦ ਨੂੰ ਹੁਕਮੀ ਹੀ ਕਿਹਾ ਕਰਦੇ – ਇਹ ਗੱਲ ਧੁਮਾ ਦਿਤੀ ਕਿ ਇਹ ਡਾਕਾ ਅੜਬੰਗੀ ਦੇ ਬੰਦਿਆਂ ਮਾਰਿਆ ਹੈ। ਬਾਬਾ ਖੁਸ਼ਹਾਲ ਸਿੰਘ ਜੀ ਨੇ ਅੜਬੰਗੀ ਜੀ ਨੂੰ ਸੱਦ ਕੇ ਕਿਹਾ – "ਸੰਤ ਜੀ! ਲੋਕੀਂ ਚਰਚਾ ਕਰਦੇ ਹਨ ਕਿ ਸਰਦੂਲਗੜ੍ਹ ਦਾ ਡਾਕਾ ਤੁਹਾਡੇ ਬੰਦਿਆਂ ਨੇ ਮਾਰਿਆ ਹੈ।

"ਕੀ ਆਪ ਜੀ ਨੂੰ ਇਹ ਇਤਬਾਰ ਹੈ ? "ਨਹੀ
,

"ਫਿਰ ਤੁਹਾਡਾ ਕੀ ਖਿਆਲ ਹੈ ?

"ਇਹ ਡਾਕਾ ਹੁਕਮੀ ਦੇ ਬੰਦਿਆਂ ਮਾਰਿਆ ਏ। "ਤੁਹਾਨੂੰ ਕਿਵੇਂ ਪਤਾ ਹੈ।

"ਹੁਕਮੀ ਤੇ ਰਤਨਾ ਚੰਦ ਦੋਵੇਂ ਠੇਕੇਦਾਰ ਹਨ। ਓਧਰ ਬਸੰਤ ਸਿੰਘ ਜੀ ਬੱਪੀਆਣਾ ਵੀ ਨਹਿਰ ਦੀ ਠੇਕੇਦਾਰੀ ਕਰਦੇ ਹਨ। ਨਹਿਰ ਨਿਕਲਣ ਦੀ ਤਜਵੀਜ਼ ਹੋ ਰਹੀ ਸੀ ਪਰ ਉਸ ਤੋਂ ਪਹਿਲਾਂ ਛੋਟੀ ਰੇਲ ਦੀ ਪਟੜੀ ਦਿੱਲੀ, ਬੀਕਾਨੇਰ ਨਾਲ ਮਿਲਾਣਾ ਜ਼ਰੂਰੀ ਸਮਝ ਕੇ ਵਿਛਾਣੀ ਹੈ। ਹੁਕਮੀ ਠੇਕਾ ਲੈਣਾ ਚਾਹੁੰਦਾ ਸੀ। ਰਤਨ ਚੰਦ ਨੇ ਕਿਹਾ ਕਿ ਇਹ ਠੇਕਾ ਅਸਾਂ ਲੈਣਾ ਹੈ। ਤੁਸੀਂ ਜ਼ਮੀਨ ਜਾਇਦਾਦ ਦੇ ਮਾਲਕ ਹੋ, ਸਾਡਾ ਕੰਮ ਵਪਾਰ ਹੈ। ਤੁਸੀਂ ਦਾਨਿਆਂ ਦੇ ਗੱਲੇ ਦਾ ਠੇਕਾ ਲੈ ਲਓ। ਇਹ ਸਾਨੂੰ ਰਹਿਣ ਦਿਓ। ਤੁਹਾਡੇ ਕੰਮ ਵਿਚ ਅਸੀਂ ਕੋਈ ਰੋੜਾ ਨਹੀਂ ਅਟਕਾਵਾਂਗੇ।

"ਫਿਰ ??

"ਹੁਕਮੀ ਨੇ ਕੋਈ ਗੱਲ ਨਹੀਂ ਸੀ ਮੰਨੀ। ਰਤਨ ਚੰਦ ਨੇ ਇਹ ਵੀ ਕਿਹਾ ਕਿ ਜੇ ਤੁਸੀਂ ਨਹੀਂ ਮੰਨਦੇ, ਆਓ ਰਲ ਕੇ ਲੈ ਲਈਏ। ਅੱਧੋ ਅੱਧ ਰਿਹਾ, ਪਰ ਹੁਕਮੀ ਨਾ ਕੇਵਲ ਮੰਨਿਆ ਹੀ ਨਹੀਂ ਸਗੋਂ ਰਤਨ ਚੰਦ ਨੂੰ ਡਰਾਇਆ ਧਮਕਾਇਆ ਵੀ, ਅੰਤ ਰਤਨ ਚੰਦ ਨੇ ਵਧ ਕੇ ਠੇਕਾ ਲੈ ਲਿਆ। ਤਦ ਤੋਂ ਹੁਕਮੀ ਰਤਨ ਚੰਦ ਦਾ ਵੈਰੀ ਬਣ ਗਿਆ।

"ਫਿਰ ਕੀ ਕੀਤਾ ਜਾਏ ? ਰਤਨਾ ਰਾਮ ਜੀ ਜ਼ੋਰ ਦੇ ਰਹੇ ਸਨ ਕਿ ਰਤਨ ਚੰਦ ਦਾ ਮਾਲ ਵਾਪਸ ਹੋਵੇ, ਤਦੇ ਸਾਡੀ ਇੱਜ਼ਤ ਰਹਿ ਸਕਦੀ ਹੈ।

"ਮਾਲ ਤੇ ਵਾਪਸ ਹੋ ਜਾਏਗਾ ਪਰ ਮੈਨੂੰ ਆਪ ਖੇਚਲ ਕਰਨੀ ਪਏਗੀ ਅਤੇ ਤੁਹਾਡੇ ਟੋਲਿਆਂ ਦੇ ਊਠ ਨਾਲ ਹੋਣਗੇ।

"ਮਾਲ ਵਾਪਸ ਹੋਵੇ ਜਿਵੇਂ ਵੀ ਚਾਹੋ ਕਰ ਲਓ।"

ਅੜਬੰਗੀ ਜੀ ਇਕ ਦੋ ਚੌਧਰੀਆਂ ਨੂੰ ਨਾਲ ਲੈ ਕੇ ਹੁਕਮੀ ਕੋਲ ਗਏ। ਉਸ ਨੂੰ ਗੱਲਾਂ ਬਾਤਾਂ ਵਿਚ ਰਤਨ ਚੰਦ ਦਾ ਮਾਲ ਵਾਪਸ ਕਰਨ ਕਰਾਉਣ ਲਈ ਕਿਹਾ। ਹੁਕਮੀ ਨੇ ਕੋਈ ਗੱਲ ਤੇ ਕੀ ਮੰਨਣੀ ਸੀ ਸਗੋਂ ਅੜਬੰਗੀ ਜੀ ਨੂੰ ਵੀ ਭਲਾ ਬੁਰਾ ਆਖਣ ਲੱਗ ਪਿਆ। ਕਹਿਣ ਲੱਗਾ ਮੈਂ ਤੁਹਾਡੀ ਔਕਾਤ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਇਹ ਚਿੱਪੀ, ਭਗਵੇ ਕੱਪੜੇ, ਮਾਲਾ ਸਭ ਪਖੰਡ ਹੈ। ਤੁਸੀਂ ਸੰਤ ਨਹੀਂ, ਸਗੋਂ ਮਾਝੇ ਦੇ ਡਾਕੂ ਹੈ। ਗ੍ਰਿਫ਼ਤਾਰੀ ਤੋਂ ਡਰਦੇ ਸੰਤ ਦਾ ਭੇਸ ਬਣਾਈ ਫਿਰਦੇ ਹੋ। ਤੁਸੀਂ ਕੂਕੇ ਹੋ ਅਤੇ ਅੰਗਰੇਜ਼ ਦੇ ਦੁਸ਼ਮਣ ਹੈ। ਮੈਂ ਚਾਹਵਾਂ ਤਦ ਹੁਣੇ ਪੁਲਿਸ ਸੱਦ ਕੇ ਗ੍ਰਿਫ਼ਤਾਰ ਕਰਾ ਦਿਆਂ, ਪਰ ਮੈਂ ਘਰ ਆਇਆਂ ਨਾਲ ਅਜਿਹਾ ਵਰਤਾਉਂ ਨਹੀਂ ਕਰਨਾ। ਮੈਂ ਤੇ ਇਸ ਗੱਲੋਂ ਹੈਰਾਨ ਪਿਆ ਕਿ ਮੈਂ ਡਾਕੇ ਦਾ ਮਾਲ ਲੈਂਦਾ ਹਾਂ। ਮੈਂ ਤੇ ਵਪਾਰੀ ਹਾਂ ਵਪਾਰੀ। ਵਪਾਰ ਕਰਦਾ ਹਾਂ, ਤੁਹਾਡੇ ਜਿਹਾ ਲੁੱਚਾ ਲਫੰਗਾ ਨਹੀਂ।

ਨਾ ਹੀ ਰੱਤੂ (ਰਤਨ ਚੰਦ) ਵਰਗਾ ਬੇਈਮਾਨ ਹਾਂ। ਮੈਂ ਚੌਧਰੀ ਹਾਂ ਤੇ ਮਹਾਜਨ ਹਾਂ।"

ਇਹ ਗੱਲ ਸੁਣ ਕੇ ਅੜਬੰਗੀ ਜੀ ਚੁੱਪ ਕਰ ਕੇ, ਕੰਨ ਵੱਟ ਕੇ ਤੁਰ ਆਏ।

ਇਕ ਦਿਨ, ਜਦ ਕਿ ਅਜੇ ਹੁਕਮੀ ਨੇ ਰਤਨ ਚੰਦ ਦਾ ਮਾਲ ਤਕਸੀਮ ਨਹੀਂ ਸੀ ਕੀਤਾ। ਉਸ ਦੇ ਘਰ ਡਾਕਾ ਪਿਆ। ਉਸ ਦੀ ਦੋਸਤ ਪੁਲਸ ਤੇ ਬਦਮਾਸ਼ ਦੇਖਦੇ ਹੀ ਰਹਿ ਗਏ । ਕੋਈ ਵੀ ਨੇੜੇ ਨਾ ਲਗ ਸਕਿਆ। ਡਾਕੂਆਂ ਰਤਨ ਚੰਦ ਦਾ ਸਾਰਾ ਮਾਲ ਵਾਪਸ ਲੈ ਲਿਆ। ਹੋਰ ਬਹੁਤ ਸਾਰਾ ਨਗਦੀ ਤੇ ਸੋਨਾ ਚਾਂਦੀ ਵੀ ਕਾਫ਼ੀ ਹਥਿਆਈ। ਡਾਕੂ ਸਭ ਕੁਝ ਹੂੰਝ ਹਾਂਝ ਕੇ ਲੈ ਗਏ। ਰਤਨ ਚੰਦ ਦਾ ਸਾਰਾ ਸਾਮਾਨ ਬਾਬਾ ਖੁਸ਼ਹਾਲ ਸਿੰਘ ਜੀ ਕੋਲ ਰੱਖ ਦਿੱਤਾ। ਉਹ ਬਹੁਤ ਹੀ ਖੁਸ਼ੀ ਹੋਏ, ਓਧਰੋਂ ਹੁਕਮੀ ਮਾਲਕਾਂ ਵਾਂਗ ਸਿਰ ਪਟਕਦਾ ਫਿਰੇ।

ਚਲਦਾ........

## ਕਾਵਿ-ਕਿਆਰੀ

# ਗੁਰੂ ਜਗਜੀਤ ਦੀ ਨੁਹਾਰ

ਰਾਮ ਜਹੀ ਕੀਲ, ਗੁਰੂ ਹਰੀ ਜਿਹਾ ਸ਼ਹਿਨਸ਼ੀਲ, ਵੱਡ ਪ੍ਰਤਾਪੀ ਜਿਉਂ ਉਧਾਰ।
ਸਤਿਗੁਰੂ ਉਦੇ ਸਿੰਘ ਵਿੱਚੋਂ ਪੈਂਦੀ ਜਾਪਦੀ ਏ, ਗੁਰੂ ਜਗਜੀਤ ਦੀ ਨੁਹਾਰ।

ਸੁੰਦਰ ਸਰੂਪ ਲੈਕੇ ਆਇਆ ਏ ਅਨੂਪ ਕਲਾ, ਭੂਪਾ ਦਾ ਭੂਪ ਅਖਵਾਂਵਦਾ।
ਤਾਰੇ ਇਹਦੇ ਮੁਖੜੇ ਤੋਂ ਜਾਣ ਬਲਿਹਾਰੇ, ਚੰਨ ਵੇਖਕੇ ਲਿਲਾਟ ਸ਼ਰਮਾਂਵਦਾ।
ਤੱਕਣੀ ਦੀ ਠੰਡਕ ਰੂਹਾ ਨੂੰ ਸਰਸ਼ਾਰ ਕਰੇ, ਪਿਆਰ ਵਾਲੀ ਕੇਰ ਕੇ ਫੁਹਾਰ।
ਸਤਿਗੁਰੂ ਉਦੇ ਸਿੰਘ ਵਿੱਚੋਂ ਪੈਂਦੀ ਜਾਪਦੀ ਏ, ਗੁਰੂ ਜਗਜੀਤ ਦੀ ਨੁਹਾਰ।

ਬਚਨ ਅਮੋਲ ਬੋਲ ਸੁੰਦਰ ਕਪੋਲ ਖੋਲ, ਤੋਲ ਕੇ ਅਡੋਲ ਫੁਰਮਾਂਵਦਾ।
ਬਖਸ਼ਿੰਦਾ ਬੁੱਧ ਆਵੇ, ਸੁਧਿਆ ਨੂੰ ਸੁੱਧ ਕਰ, ਹਿਰਦੇ ਨੂੰ ਸ਼ੁੱਧ ਦਿਖਲਾਂਵਦਾ।
ਕਰ ਉਪਦੇਸ਼, ਡਿੱਠਾ ਕੱਟਦਾ ਕਲੇਸ਼ ਨਾਲੇ, ਆਤਮਾ ਨੂੰ ਦਿੰਦਾ ਏ ਨਿਖਾਰ।
ਸਤਿਗੁਰੂ ਉਦੇ ਸਿੰਘ ਵਿੱਚੋਂ ਪੈਂਦੀ ਜਾਪਦੀ ਏ, ਗੁਰੂ ਜਗਜੀਤ ਦੀ ਨੁਹਾਰ।

ਸ਼ਹਿਨਸ਼ੀਲਤਾ ਹੈ ਸੱਤਾਂ ਸਾਗਰਾਂ ਤੋਂ ਗਹਿਰੀ ਅਤੇ ਹਿਰਦਾ ਸੁਮੇਰ ਦੇ ਸਮਾਨ ਹੈ।
ਕਰਾਂ ਕੀ ਬਿਆਨ ਇਹਦੀ ਉੱਚੀ ਸੁੱਚੀ ਸ਼ਾਨ, ਡਿੱਠਾ ਦੁਖੀਆਂ ਨੂੰ ਦੇਂਦਾ ਅਭੈ ਦਾਨ ਹੈ।
ਖੱਸ ਲੈਂਦਾ ਹੀਆ, ਤੇ ਅਨੰਦ ਹੋਵੇ ਜੀਆ, ਏਨਾ ਬਾਜਵਾ ਏ ਕਰਦਾ ਪਿਆਰ।
ਸਤਿਗੁਰੂ ਉਦੇ ਸਿੰਘ ਵਿੱਚੋਂ ਪੈਂਦੀ ਜਾਪਦੀ ਏ, ਗੁਰੂ ਜਗਜੀਤ ਦੀ ਨੁਹਾਰ।

-ਲਖਵਿੰਦਰ ਸਿੰਘ ਬਾਜਵਾ

## ਦਰਸ ਦਿਖਾਓ ਪ੍ਰਭੁ

ਤਰਸਦੇ ਨੈਣ ਤੇਰੀ ਦੀਦ ਤਾਈਂ ਦਿਨ ਰੈਣ,
ਦਿਆਲ ਕ੍ਰਿਪਾਲ ਗੁਰੁ ਦਰਸ ਦਿਖਾਓ ਪ੍ਰਭੁ।
ਮਨ ਦੀ ਤਿਆਸ ਨਾਹੀਂ ਮਿਟੇ ਠੰਡੇ ਜਲ ਸੇਤੀ,
ਅਮ੍ਰਿਤ ਦੇ ਦਾਤੇ ਆਣ ਪਿਆਸ ਨੂੰ ਬੁਝਾਓ ਪ੍ਰਭੁ।

ਅੰਦਰਿ ਦੀ ਮੈਲ ਕਾਇਮ, ਕਰਾਂ ਇਸਨਾਨ ਨਿਤ,
ਰਿਦਾ ਧੁਪੇ ਕ੍ਰਿਪਾ ਕਰ ਮੈਲ ਕੋ ਮਿਟਾਓ ਪ੍ਰਭੁ।
ਔਗੁਣਾਂ ਦੇ ਵੱਟੇ ਗੁਣ ਮਿਲਦੇ ਨੇ ਦਰ ਤੇਰੇ,
ਹੋਂਦਾ ਅਣਹੋਂਦਾ ਇਹ ਆਪ ਹੀ ਕਰਾਓ ਪ੍ਰਭੁ।

ਗੀਤ ਤੇ ਸੰਗੀਤ ਦਾ ਹੈ ਗੜ੍ਹ ਤੇਰਾ ਦਰ ਦਾਤਾ।
ਹੋਵਾਂ ਮੈਂ ਭੀ ਸੁਰ ਕੋਈ ਐਸੀ ਧੁਨ ਗਾਓ ਪ੍ਰਭੁ।
ਹਰ ਦਮ ਚਾਉ ਮੇਰੇ ਮਨ ਤੇਰੀ ਦੀਦ ਦਾ ਹੈ,
ਮਿਹਰਾਂ ਦੇ ਦਾਤੇ ਕਦੇ ਹਿਰਦੇ ਦਿਖਾਓ ਪ੍ਰਭੁ।

ਰੂਪ ਨੇ ਅਨੇਕ ਤੇਰੇ ਕੌਣ ਜਾਣੇ ਚਲਤ ਤੇਰੇ,
ਜੈਸਾ ਭਾਵੇ ਤੈਸਾ ਹੋਵੇ ਐਸਾ ਤੂੰ ਕਮਾਲ ਪ੍ਰਭੁ।
ਚਰਨ ਛੋ ਲਗ ਤੇਰੀ ਪਤਿਤ ਪੁਨੀਤ ਹੋਣ,
ਪੱਥਰਾਂ ਨੂੰ ਤਾਰ ਦੇਵੇਂ ਐਸਾ ਤੂੰ ਦਿਆਲ ਪ੍ਰਭੁ।

ਗੋ–ਧਨ ਗੋਪਾਲ ਕਹਾਂ ਜਸੁਦਾ ਦਾ ਕਾਨ੍ਹ ਕਹਾਂ,
ਪਾਂਵਦਾ ਨਿਮਾਣਾ ਮਾਨ ਤੇਰੇ ਦਰ ਆਏ ਪ੍ਰਭੁ।
ਸਰਬ ਕਲਾ ਸਮਰਥ ਕੀਹ ਕਹਾਂ ਤੂੰ ਅਕੱਥ,
ਤਿਸ ਡੋਬੇ ਕੌਣ ਜਿਸ ਹੱਥ ਦੇ ਬਚਾਏ ਪ੍ਰਭੁ।

ਜਗਜੀਤ ਜੀ ਬੇਅੰਤ ਤੇਰੀ ਮਹਿਮਾਂ ਅਨੰਤ,
ਮੇਰੀ ਬੁੱਧਿ ਤੁਛ ਤੇਰੇ ਗੁਣ ਕੈਸੇ ਗਾਵਾਂ ਪ੍ਰਭੁ।
ਤੇਰੇ ਜਿਹਾ ਹੋਰ ਹੁੰਦਾ ਓਸ ਦਾ ਹਵਾਲਾ ਦਿੰਦਾ,
ਤੂੰਹੀ ਤੂੰਹੀ ਤੂੰਹੀ ਇਕ ਇਕੋ ਹੀ ਅਲਾਵਾਂ ਪ੍ਰਭੁ।

ਜੋਤ ਵਿਚ ਜੋਤ ਰਲੀ ਜੋਤ ਤੋਂ ਹੀ ਜੋਤ ਜਲੀ,
ਉਦੇ ਰਵਿ ਹੋਯਾ ਮੋਹ ਤਮ ਕੋ ਮਿਟਾਓ ਪ੍ਰਭੁ।
ਭੁੱਲਿਆ ਭਟਕਿਆ ਮੈਂ ਆਸ ਲੈ ਕੇ ਦਰ ਆਯਾ,
ਮਿਟੇ ਹਉਂ ਮੇਰੀ ਆਪ ਚਰਨਾਂ 'ਚ ਲਾਓ ਪ੍ਰਭੁ।

ਧੰਨੁ ਧੰਨੁ ਸਤਿਗੁਰੂ ਧੰਨੁ ਧੰਨੁ ਸਤਿਗੁਰੂ,
ਇਹੋ ਜਾਪ ਜਪਾਂ ਐਸਾ ਰੰਗ ਮਨ ਲਾਓ ਪ੍ਰਭੁ।
ਤਰਸਦੇ ਨੈਣ ਤੇਰੀ ਦੀਦ ਤਾਈ ਦਿਨ ਰੈਣ,
ਦਿਆਲ ਕ੍ਰਿਪਾਲ ਗੁਰੁ ਦਰਸ ਦਿਖਾਓ ਪ੍ਰਭੁ ।

(ਕਰਨਲ ਹਰਭਜਨ ਸਿੰਘ ਚੀਮਾ)

**ਸਤਿਜੁਗ ਆਪ ਪੜ੍ਹੋ**
**ਹੋਰਾਂ ਨੂੰ ਵੀ ਪੜ੍ਹਾਉ।**

# ਧੰਨ ਸਤਿਗੁਰੂ ਰਾਮ ਸਿੰਘ ਜੀ

ਸਹਿਬਾਜ਼ ਸਿੰਘ ਧੂੜਕੋਟ

ਨਾ ਮਿਲਵਰਤਨ ਲਹਿਰ ਤੋਰ ਕੇ,
ਪਿੰਡ-ਪਿੰਡ ਹਰ ਸ਼ਹਿਰ ਤੋਰ ਕੇ,
ਲੱਖਾਂ ਦੁੱਖ ਝੱਲ ਸਾਨੂੰ ਉਹ ਵਸਾ ਗਏ,
ਸਤਿਗੁਰੂ ਰਾਮ ਸਿੰਘ ਜੀ,
ਬੂਟਾ ਸਿੱਖੀ ਵਾਲਾ ਭੈਣੀ ਸਾਹਿਬ ਲਾ ਗਏ।

ਅੰਮ੍ਰਿਤਪਾਨ ਗੁਰੂ ਤੋਂ ਕਰਕੇ,
ਸਿੰਘ ਬਣ ਗਏ ਅੰਗਿਆਰੇ,
ਜ਼ਾਲਮ ਨਾਲ ਲੋਹਾ ਲੈ ਕੇ,
ਬੁੱਚੜ ਬਹੁਤ ਸੰਘਾਰੇ,
ਸਾਨੂੰ ਤੋਪਾਂ ਮੂਹਰੇ ਖੜ੍ਹਨਾ ਸਿਖਾ ਗਏ,
ਸਤਿਗੁਰੂ ਰਾਮ ਸਿੰਘ ਜੀ,
ਬੂਟਾ ਸਿੱਖੀ ਵਾਲਾ ਭੈਣੀ ਸਾਹਿਬ ਲਾ ਗਏ।

ਗਊ ਗ਼ੀਬ ਦੀ ਰੱਖਿਆ
ਕਰਨੇ ਵਾਲਾ ਪੰਥ ਚਲਾਇਆ,
ਅੰਧ ਵਿਸ਼ਵਾਸ ਚੋਂ ਕੱਢ ਕੇ
ਸਾਡੇ ਜੀਵਨ ਨੂੰ ਰੁਸ਼ਨਾਇਆ,
ਸਾਨੂੰ ਸੱਚ ਵਾਲਾ ਮਾਰਗ ਦਿਖਾ ਗਏ,
ਸਤਿਗੁਰੂ ਰਾਮ ਸਿੰਘ ਜੀ,
ਬੂਟਾ ਸਿੱਖੀ ਵਾਲਾ ਭੈਣੀ ਸਾਹਿਬ ਲਾ ਗਏ।

ਸਭ ਤੋਂ ਪਹਿਲੋਂ ਗੱਲ ਚੋਂ
ਲਾਹੀਆਂ ਗ਼ੁਲਾਮੀਂ ਦੀਆਂ ਜ਼ੰਜੀਰਾਂ,
ਦੇਸ਼ ਆਜ਼ਾਦ ਕਰਵਾਉਣ ਦੀ ਖਾਤਰ
ਕਰੀਆਂ ਸੀ ਤਦਬੀਰਾਂ,
ਜੜ੍ਹ ਗੋਰੀ ਸਰਕਾਰ ਦੀ ਹਿਲਾ ਗਏ,
ਸਤਿਗੁਰੂ ਰਾਮ ਸਿੰਘ ਜੀ,
ਬੂਟਾ ਸਿੱਖੀ ਵਾਲਾ ਭੈਣੀ ਸਾਹਿਬ ਲਾ ਗਏ।

---

ਕੁਝ ਹੋਰ ਨਹੀਂ, ਗੁਰੂ ਨੂੰ ਗੁਰੂ ਜਾਣੋ,
ਆਪੇ ਸਰਗੁਣ ਸਰੂਪ, ਇਹ ਧਾਰ ਆਇਆ।
ਗੁਰੂ-ਦਰਸ਼ਨਾ ਨਾਲ, ਬੇੜਾ ਪਾਰ ਹੁੰਦੈ,
ਅਸਾਂ ਗੁਰੂ ਤੋਂ, ਰੱਜ ਪਿਆਰ ਪਾਇਆ।
ਸੱਚੇ ਦਿਲੋਂ ਜੋ ਮੰਨਦੈ ਗੁਰੂ ਤਾਈਂ,
ਅੰਦਰ ਤੱਕ ਹੈ, ਗੁਰੂ ਨੂੰ ਉਹ ਭਾਇਆ।
ਆਪਣੇ ਗੁਰੂ ਤੋਂ, ਮੁੱਖ ਭੁਆਏ ਜਿਹੜਾ,
ਕੁੱਲਾਂ ਆਪਣੀਆਂ ਤਾਈਂ ਉਸ ਗ੍ਰਹਿਣ ਲਾਇਆ।
ਸਤਿਗੁਰੂ ਤਾਂ ਦਿਲਾਂ ਦੀਆਂ ਜਾਣਦਾ ਏ,
'ਰਤਨ' ਸਤਿਗੁਰਾਂ ਤੋਂ ਕਿਓਂ ਲੁਕਾਈ ਜਾਵੇ।

ਗੁਰਮੁਖ ਸਿੰਘ 'ਰਤਨ'
(ਅਨੇਜਾ ਜੀ)

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਵੱਲੋਂ ਯਾਦਗਾਰੀ ਗੇਟ ਦਾ ਉਦਘਾਟਨ






30 ਜੂਨ 2020: ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਸੱਚੇ ਪਾਤਿਸ਼ਾਹ ਜੀ ਨੇ ਪਿੰਡ ਜਗਰਾਲ (ਜ਼ਿਲਾ-ਜਲੰਧਰ) ਵਿਖੇ ਨਾਮਧਾਰੀ ਬਾਪੂ ਮਿੱਤ ਸਿੰਘ ਦੀ ਯਾਦ ਵਿੱਚ ਉਸਦੇ ਪਰਿਵਾਰ ਵੱਲੋਂ ਬਣਾਏ ਗੇਟ ਦਾ ਉਦਘਾਟਨ ਕੀਤਾ।

ਬਾਪੂ ਮਿੱਤ ਸਿੰਘ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਐਸਾ ਸਿਦਕੀ ਸਿੱਖ ਸੀ ਜਿਸ ਬਾਰੇ ਦੱਸਿਆ ਜਾਂਦਾ ਹੈ ਕਿ ਅੰਗਰੇਜ ਦਾ ਰਾਜ ਸੀ। ਪਿੰਡ ਵਿੱਚ ਬਾਪੂ ਮਿੱਤ ਸਿੰਘ ਹੋਰਾਂ ਦੇ ਲੜਕਿਆਂ ਦੀ ਮੁਸਲਮਾਨਾ ਨਾਲ ਕਿਸੇ ਵਜਾ ਕਰਕੇ ਲੜਾਈ ਹੋ ਗਈ। ਗਲਤੀ ਮੁਸਲਿਮ ਧੜੇ ਦੀ ਹੀ ਸੀ ਤੇ ਹਮਲਾ ਵੀ ਉਹਨਾਂ ਕੀਤਾ ਪਰ ਉਹਨਾਂ ਦੇ ਬੰਦੇ ਦਾ ਬਾਪੂ ਮਿੱਤ ਸਿੰਘ ਦੇ ਲੜਕਿਆਂ ਹੱਥੋਂ ਕਤਲ ਹੋ ਗਿਆ। ਕੇਸ ਚੱਲ ਪਿਆ ਪਰ ਅੰਗ੍ਰੇਜ਼ ਪੁਲਸ ਕੋਲ ਕੋਈ ਕਤਲ ਦਾ ਗਵਾਹ ਨਹੀਂ ਸੀ। ਮੁਸਲਮਾਨਾਂ ਜਿੰਨਾਂ ਦਾ ਬੰਦਾ ਮਰਿਆ ਸੀ ਉਹਨਾਂ ਆਖਿਆ ਕਿ ਬਾਪੂ ਮਿੱਤ ਸਿੰਘ ਗੁਰੂ ਰਾਮ ਸਿੰਘ ਦਾ ਕੂਕਾ ਹੈ ਉਹਨੂੰ ਹੀ ਗਵਾਹ ਬਣਾ ਲਵੋ।ਕਮਾਲ ਦੀ ਗੱਲ ਹੈ ਬਾਪੂ ਮਿੱਤ ਸਿੰਘ ਹੋਰਾਂ ਆਪਣੇ ਮੁੰਡਿਆਂ ਦੇ ਵਿਰੁੱਧ ਗਵਾਹੀ ਤਾਂ ਦੇਣੀ ਮਨਜੂਰ ਕਰ ਲਈ ਕਿ ਕਤਲ ਉਹਨਾਂ ਹੱਥੋਂ ਹੀ ਹੋਇਆ ਹੈ ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਝੂਠ ਨਾ ਬੋਲਣ ਦੀ ਸਿੱਖਿਆ ਦੀ ਹੁਕਮ ਅਦੂਲੀ ਨਹੀਂ ਕੀਤੀ ਅਖੀਰ ਪ੍ਰਭਾਵਤ ਹੋ ਕੇ ਜੱਜ ਨੇ ਬਾਪੂ ਦੇ ਮੁੰਡਿਆਂ ਨੂੰ ਵੀ ਬਰੀ ਕਰ ਦਿੱਤਾ ਕਿ ਇਹ ਲੋਕ ਏਨੇ ਇਮਾਨਦਾਰ ਹਨ ਕਿ ਝੂਠ ਬੋਲ ਨਹੀਂ ਸਕਦੇ, ਇਹਨਾ ਨੂੰ ਤਾਂ ਉਕਸਾਇਆ ਗਿਆ ਹੈ। ਸ਼ਾਇਦ ਇਸੇ ਕਰਕੇ ਅੰਗ੍ਰੇਜ਼ ਆਪਣੇ ਇਤਿਹਾਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਪੰਥ ਦੀ ਪ੍ਰਸ਼ੰਸਾ ਕਰਨੋ ਰਹਿ ਨਹੀਂ ਸਕੇ ਤੇ ਉਹਨਾਂ ਲਿਖਿਆ ਹੈ ਕਿ 'ਕੂਕਾ ਝੂਠ ਨਹੀਂ ਬੋਲਦਾ।

-ਸੁਖਵਿੰਦਰ ਸਿੰਘ ਲਾਇਲ

## ਗੁਰਨਾਮ ਗਾਮੇ ਦਾ ਨਾਂ ਪੰਜਾਬੀ ਗੀਤ-ਸੰਗੀਤ ਵਿੱਚ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ



ਨਾ-ਮਿਲਵਰਤਨ ਲਹਿਰ ਦੇ ਮੋਢੀ
ਗੋਰਿਆਂ ਉੱਤੇ ਕਹਿਰ ਦੇ ਮੋਢੀ,
ਭਾਰਤ ਛੱਡੋ ਸਭ ਤੋਂ ਪਹਿਲਾਂ,
ਲਾਉਣ ਵਾਲੇ ਆਵਾਜ਼
ਧੰਨ ਸਤਿਗੁਰੂ ਰਾਮ ਸਿੰਘ
ਧੰਨ ਸਤਿਗੁਰੂ ਰਾਮ ਸਿੰਘ

ਗੀਤ ਲਿਖ ਦਿੱਤਾ ਤੇ ਰਿਕਾਰਡ ਵੀ ਕਰਵਾ ਲਿਆ ਪਰ ਸਤਿਗੁਰੂ ਜੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਉਪਰੋਕਤ ਸਤਰਾਂ ਦਾ ਰਚੇਤਾ 'ਗੁਰਨਾਮ ਗਾਮਾ' ਸ੍ਰੀ ਸਤਿਗੁਰੂ ਜੀ ਦੀ ਦਿੱਤੀ ਹੋਈ ਆਰਜੂ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ।

ਗੁਰਨਾਮ ਗਾਮੇ ਦਾ ਨਾਂ ਪੰਜਾਬੀ ਗੀਤ-ਸੰਗੀਤ ਵਿੱਚ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ। ਸ਼ਬਦਾਂ ਦੇ ਜਾਦੂਗਰ ਦੀ ਕਲਮ ਚੋਂ ਨਿਕਲੇ ਸ਼ਬਦ ਸਰੋਤਿਆਂ ਨੂੰ ਇਸ ਤਰ੍ਹਾਂ ਆਪਣੇ ਨਾਲ ਵਹਾ ਕੇ ਲੈ ਤੁਰਦੇ ਜਿਵੇਂ ਇਨ੍ਹਾਂ ਵਿੱਚ ਉਨ੍ਹਾਂ ਦਾ ਆਪਣਾ ਦੁੱਖ-ਦਰਦ ਸਮੋਇਆ ਹੋਵੇ।

ਗੁਰਨਾਮ ਗਾਮੇ ਦਾ ਜਨਮ ਪਿੰਡ ਧੂੜਕੋਟ ਰਣਸੀਂਹ ਜ਼ਿਲ੍ਹਾ ਮੋਗਾ ਵਿਖੇ ਪਿਤਾ ਸ. ਹਰਬੰਸ ਸਿੰਘ, ਮਾਤਾ ਸ੍ਰੀ ਮਤੀ ਸੁਖਵੀਰ ਕੌਰ ਦੇ ਘਰ 8-7-1973 ਨੂੰ ਹੋਇਆ। ਗੁਰਨਾਮ ਦੇ ਦਾਦਾ ਜੀ ਸੰਤ ਕਿਰਪਾਲ ਸਿੰਘ ਧੂੜਕੋਟ ਵਾਲੇ ਜੋ ਕਿ ਮਸ਼ਹੂਰ ਪਾਠੀ ਸਨ, ਉਨ੍ਹਾਂ ਨੇ ਇਕੱਲਿਆ ਇੱਕੋ ਚੌਕੜੇ ਵਿੱਚ 21 ਘੰਟਿਆਂ ਵਿੱਚ ਸੰਪੂਰਨ ਪਾਠ ਕਰਕੇ ਮੁੰਦਾਵਨੀ ਤੱਕ ਪਹੁੰਚਾਇਆ। ਇੰਨੇ ਸਮੇਂ 'ਚ ਨਾ ਕੁਝ ਛਕਿਆ, ਨਾ ਕਿਸੇ ਹਾਜਤ ਵਾਸਤੇ ਉੱਠੇ, ਪਾਠ ਇੰਝ ਕੀਤਾ ਨੇੜੇ ਬੈਠਿਆਂ ਨੂੰ ਪੂਰੀ ਸਮਝ ਆਉਂਦੀ ਰਹੀ।

ਗੁਰਨਾਮ ਨੇ ਮੁੱਢਲੀ ਸਿੱਖਿਆ ਪਿੰਡ ਧੂੜਕੋਟ ਰਣਸੀਂਹ ਦੇ ਸੀਨੀਅਰ ਸੈਕੰਡਰੀ ਸਕੂਲ ਤੋਂ ਕੀਤੀ। ਉਪਰੰਤ ਸਪੋਰਟਸ ਕਾਲਜ ਜਲੰਧਰ ਵਿਖੇ ਪੜ੍ਹਦਿਆਂ ਆਪਣੀ ਕਪਤਾਨੀ ਹੇਠ ਆਲ-ਇੰਡੀਆ ਗੋਲਡ ਮੈਡਲ ਜਿੱਤ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਝੋਲੀ ਪਾਇਆ। 'ਸਰਕਲ ਸਟਾਈਲ' ਕਬੱਡੀ ਖੇਡਦਿਆਂ ਗੁਰਨਾਮ ਇਸ ਤਰ੍ਹਾਂ ਜਾਫੀ ਨੂੰ ਹਵਾ ਵਿੱਚ ਉਛਾਲਦਾ ਕਿ ਦੇਖਣ ਵੇਂਹਦੇ ਹੀ ਰਹਿ ਜਾਂਦੇ।

ਕਬੱਡੀ ਖੇਡਦਿਆਂ-ਖੇਡਦਿਆਂ ਗਾਮਾ ਸ਼ਬਦਾਂ ਨਾਲ ਖੇਡਣ ਲੱਗ ਪਿਆ। ਲਿਖਣ ਦੀ ਚੇਟਕ ਗੁਰਨਾਮ ਨੂੰ ਆਪਣੇ ਪਿਤਾ ਸ. ਹਰਬੰਸ ਸਿੰਘ ਤੋਂ ਲੱਗੀ। ਇਸ ਖੇਤਰ ਵਿੱਚ ਉਹ ਸ੍ਰੀ ਸੁਖਜੀਤ ਮਾਛੀਵਾੜਾ ਜੀ ਜੋ ਕਿ ਗੁਰਨਾਮ ਦੇ ਭੂਆ ਜੀ ਦੇ ਬੇਟੇ ਹਨ ਨੂੰ ਆਪਣਾ ਉਸਤਾਦ ਮੰਨਦੇ ਸਨ। ਗੁਰਨਾਮ ਦੇ ਛੋਟੇ ਵੀਰ ਸਾਹਿਬਾਜ਼ ਵੀ ਪੰਜਾਬ ਦੇ ਉੱਘੇ ਗੀਤਕਾਰ ਹਨ।

ਜੇਕਰ ਗੁਰਨਾਮ ਦੀ ਲੇਖਣੀ ਦੀ ਗੱਲ ਕਰੀਏ ਤਾਂ ਉਸ ਦੇ ਗੀਤਾਂ ਦੀ ਲੜੀ ਬਹੁਤ ਲੰਬੀ ਹੈ। ਜਿਸ ਨੂੰ ਸਮੇਂ-ਸਮੇਂ ਤੇ ਪੰਜਾਬ ਦੇ ਮਸ਼ਹੂਰ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ। ਇਨ੍ਹਾਂ ਵਿੱਚ ਜਸਪਿੰਦਰ ਨਰੂਲਾ, ਇੰਦਰਜੀਤ ਨਿੱਕੂ, ਬਲਕਾਰ ਸਿੱਧੂ, ਅਮਰਿੰਦਰ ਗਿੱਲ, ਜਸਵੀਰ ਜੱਸੀ, ਹਰਦੇਵ ਮਾਹੀ ਨੰਗਲ, ਗੁਲਾਮ ਜੁਗਨੀ ਆਦਿ ਨਾਮ ਜਿਕਰ ਯੋਗ ਹਨ। ਅੱਜ ਤੋਂ ਕੋਈ 18 ਵਰ੍ਹੇ ਪਹਿਲਾਂ ਰਿਕਾਰਡ ਹੋਇਆ। ਉਸ ਦਾ ਗੀਤ, ਉਸ ਦੀ ਸ਼ਾਹਕਾਰ ਰਚਨਾ ਹੋ ਨਿੱਬੜੀ। ਗੀਤ ਦੇ ਬੋਲ ਸਨ "ਜਿਵੇਂ ਚੰਨ ਤੇ ਚਕੋਰ, ਜਿਵੇਂ ਗੜਵਾ ਤੇ ਡੋਰ,
ਜਿਵੇਂ ਮੱਛਲੀ ਤੇ ਮਾਨਸਰਾਂ, ਮੈਂ ਐਨਾ ਤੈਨੂੰ ਪਿਆਰ ਕਰਾਂ।
ਇਹ ਰਚਨਾ ਰਚਨਾ 'ਚ ਉਹ ਕੁਦਰਤ ਚੋਂ ਕਾਦਰ ਦੇ ਦਰਸ਼ਨ ਕਰਾਉਂਦਾ ਹੈ।

ਆਪਣੀ ਇੱਕ ਹੋਰ ਰਚਨਾ 'ਚ ਉਹ ਲਿਖਦਾ ਹੈ।

ਰੱਬ ਭਗਤ ਨੂੰ ਕਹਿੰਦਾ,
ਨਾਲੇ ਭੱਜ-ਭੱਜ ਕੇ ਪੈਂਦਾ।
ਆਪਣੇ ਸੁੱਖਾਂ ਲਈ ਮੈਨੂੰ,
ਤੂੰ ਸੂਲੀ ਟੰਗਣ ਆ ਜਾਨੈ।
ਕਦੇ ਮਿਲਣ ਵੀ ਆ ਜਾਇਆ ਕਰ,
ਨਿੱਤ ਮੰਗਣ ਆ ਜਾਨੈ।

ਗੁਰਨਾਮ ਨੂੰ ਆਪਣੇ ਆਲੇ-ਦੁਆਲੇ ਤੋਂ ਬੇਹੱਦ ਪਿਆਰ ਤੇ ਸਤਿਕਾਰ ਮਿਲਿਆ। ਉਹ ਲਿਖਦਾ ਹੈ-

ਮੈਂ ਮਰ ਕੇ ਖ਼ਬਰੇ ਕੀ ਹੋਵਾਂ,
ਪਸ਼ੂ ਪੰਛੀ ਜਾਂ ਕੋਈ ਜੀਅ ਹੋਵਾਂ।
ਪਰ ਮਾਨਸ ਜੂਨੀ ਆਵਾਂ ਜੇ,
ਇੱਕ ਪੁੱਤ ਹੋਵਾਂ ਜਾਂ ਧੀ ਹੋਵਾਂ।
ਫਿਰ ਅਰਜ ਕਰਾਂ ਇੱਕ ਰੱਬਾ ਮੈਂ,
ਮੈਨੂੰ ਹੁਣ ਵਰਗਾ ਸਤਿਕਾਰ ਮਿਲੇ।
ਇਹੀ ਤੇਰੇ ਵਰਗਾ ਪਿਉ ਹੋਵੇ,
ਇਹ ਤੇਰੇ ਵਰਗੀ ਮਾਂ ਹੋਵੇ।
ਇਹ ਭੈਣਾਂ ਪੂਜਣਯੋਗ ਨੇ ਜੋ,
ਇਹ ਵੀਰ ਜੋ ਸੱਜੀ ਬਾਂਹ ਹੋਵੇ।
ਹਰ ਜਨਮ 'ਚ ਆਪਣਿਆਂ ਤੋਂ ਮੈਨੂੰ,
ਏਦਾਂ ਹੀ ਰੱਜਵਾਂ ਪਿਆਰ ਮਿਲੇ।
ਮੈਂ ਜਿੰਨੇ ਜਨਮ ਲਵਾਂ ਦਾਤਾ,
ਮੈਨੂੰ ਬਸ ਇਹ ਹੀ ਪਰਿਵਾਰ ਮਿਲੇ।

ਗੁਰਨਾਮ ਦਾ ਜੀਵਨ ਬੇਹੱਦ ਸੰਘਰਸ਼ ਭਰਿਆ ਰਿਹਾ, ਪਰ ਉਹ ਹਾਰਿਆ ਨਹੀਂ, ਭਾਵੇਂ ਗੁਰਨਾਮ ਅੱਜ ਸਾਡੇ ਵਿੱਚ ਨਹੀਂ ਰਿਹਾ, ਪਰ ਆਪਣੀ ਕਲਮ ਦੇ ਜ਼ਰੀਏ ਉਹ ਹਮੇਸ਼ਾਂ ਆਪਣੇ ਚਾਹੁਣ ਵਾਲਿਆਂ ਦੇ ਦਿਲਾਂ ਤੇ ਰਾਜ ਕਰਦਾ ਰਹੇਗਾ। ਕੋਈ ਮਲਮ ਉਹਦੇ ਵਿਛੋੜੇ ਦੇ ਘਾਅ ਨੂੰ ਨਾ ਭਰ ਸਕੇਗੀ।

ਕਾਗਜ਼ ਤਰਸਣ ਛੋਰ ਨੂੰ,
ਤੇਰੀਆਂ ਤਰਸਣ ਕਲਮਾਂ।
ਜਖਮ ਬਣੇ 'ਨਾਸੂਰ'
ਕੋਈ ਅਸਰ ਨਾ ਮਲਮਾਂ।

-ਮਨਦੀਪ ਕੌਰ ਧੂੜਕੋਟ
(ਗਾਮੇਂ ਦੀ ਛੋਟੀ ਭੈਣ)

# ਸੋਗਮਈ ਖ਼ਬਰ



6 ਜੁਲਾਈ ਸਵੇਰੇ 10 ਵਜੇ ਕੈਨੇਡਾ ਦੇ ਸ਼ਹਿਰ ਵੈਨਕੂਵਰ ਨੇੜੇ ਸੜਕ ਹਾਦਸੇ ਵਿੱਚ ਸਵ. ਸੇਵਕ ਮਹਿੰਦਰ ਸਿੰਘ ਪੂਰਬਾ ਜੀ ਦਾ ਪੋਤਰਾ ਤੇ ਗੁਰਭਗਤ ਸਿੰਘ ਪੂਰਬਾ ਦਾ ਪੁੱਤਰ ਗਿਆਨ ਸਿੰਘ ਚੜ੍ਹਾਈ ਕਰ ਗਿਆ। 21 ਸਾਲਾ ਗਿਆਨ ਸਿੰਘ ਕੈਨੇਡਾ ਵਿੱਚ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕਰਦਾ ਸੀ। ਜਵਾਨ ਪੁੱਤਰ ਦੇ ਚਲੇ ਜਾਣ ਦਾ ਦੁੱਖ ਪਰਿਵਾਰ ਤੇ ਸੱਜਣਾ-ਮਿੱਤਰਾਂ ਲਈ ਅਸਹਿ ਹੈ। ਸਵ. ਸੇਵਕ ਮਹਿੰਦਰ ਸਿੰਘ ਪੂਰਬਾ ਜੀ ਨਾਮਧਾਰੀ ਪੰਥ ਵਿੱਚ ਜਾਣੀ ਪਹਿਚਾਣੀ ਹਸਤੀ ਹਨ। ਉਹ ਲੰਬਾ ਸਮਾਂ ਸਤਿਗੁਰੂ ਜੀ ਦੇ ਨਿੱਜੀ ਸੇਵਕ ਰਹੇ। ਉਨ੍ਹਾਂ ਦੇ ਪਰਿਵਾਰ 'ਤੇ ਆਈ ਇਸ ਦੁੱਖਦਾਈ ਘੜੀ ਨੂੰ ਸਾਰੇ ਨਾਮਧਾਰੀ ਪੰਥ ਨੇ ਮਹਿਸੂਸ ਕੀਤਾ। ਸਤਿਗੁਰੂ ਉਦੇ ਸਿੰਘ ਜੀ ਨੇ ਪੂਰਬਾ ਜੀ ਦੇ ਘਰ ਜਾਂ ਪਰਿਵਾਰ ਨੂੰ ਹੌਂਸਲਾ ਦਿੱਤਾ ਨਾਲ ਬਚਨ ਕੀਤਾ "ਨਾਮਧਾਰੀ ਹੋਣ ਦਾ ਹੀ ਸੰਸਾਰ ਨਾਲੋਂ ਇਹ ਹੈ ਕਿ ਤੁਸੀਂ ਇਸ ਦੁੱਖਦਾਈ ਸਮੇਂ ਵਿੱਚ ਅਡੋਲ ਹੋ।"

ਕਾਕਾ ਗਿਆਨ ਸਿੰਘ ਦਾ ਭੋਗ 19 ਜੁਲਾਈ 2020 ਈ: ਨੂੰ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਸਤਿਜੁਗ ਅਦਾਰਾ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ ਇਸ ਔਖੇ ਸਮੇਂ ਪਰਿਵਾਰ ਤੇ ਸੱਜਣ-ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਗੁਰਲਾਲ ਸਿੰਘ

# ਸ੍ਰ. ਅਮਰਜੀਤ ਸਿੰਘ ਜੀ

25 ਜੁਲਾਈ 1952– 6 ਜੁਲਾਈ 2020

ਰਛਪਾਲ ਸਿੰਘ 'ਸੇਵਕ'

ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਦੇ ਅਨਿੰਨ ਸਿੱਖ ਸ੍ਰ. ਅਮਰਜੀਤ ਸਿੰਘ ਜੀ ਕ੍ਰੀਬ 68 ਵਰ੍ਹਿਆਂ ਦੀ ਆਯੂ ਭੋਗ ਕੇ 6 ਜੁਲਾਈ 2020 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਸੁੰਦਰ ਨਗਰ (ਹਿ.ਪ੍ਰ.) ਦੇ ਵਸਨੀਕ ਸ੍ਰ. ਅਮਰਜੀਤ ਸਿੰਘ ਜੀ ਸਫਲ ਵਿਹਾਰੀ ਅਤੇ ਪ੍ਰਸਿੱਧ ਸਮਾਜ-ਸੇਵੀ ਸਨ।

ਆਪ ਦੇ ਪਿਤਾ ਸੰਤ ਜਵਾਹਰ ਸਿੰਘ ਜੀ ਸਿਆਲਕੋਟ ਜਿਲ੍ਹੇ ਹਰਪੋ ਕੀ ਮੰਡੀ ਰਹਿੰਦੇ ਸਨ। ਕਿਸੇ ਸਿੱਖ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਅਰਜ ਕੀਤੀ ਕਿ ਇੱਥੇ ਕਿਸੇ ਨਾਲ ਜਵਾਹਰ ਸਿੰਘ ਦੀ ਰੰਜਸ਼ ਹੈ, ਖਤਰਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ ਕਿ ਤੁਸੀਂ ਇੱਥੋਂ ਚਲੋ। ਆਪ ਜੀ ਦੇ ਹੁਕਮ ਅਨੁਸਾਰ ਆਪ 1939 ਵਿੱਚ ਪ੍ਰਵਾਰ ਸਮੇਤ ਪਹਾੜਾਂ ਵਿੱਚ ਆ ਗਏ, ਕੁਝ ਸਮਾਂ ਪੁੰਗ ਰਹੇ। ਇੱਥੇ ਵਿਹਾਰ ਕੁਝ ਢਿੱਲਾ ਹੀ ਸੀ। ਸੰਤਾਂ ਨੇ ਅਰਜ਼ ਕੀਤੀ: 'ਆਪ ਜੀ ਦੀ ਆਗਿਆ ਹੋਵੇ ਤਾਂ ਸਮਾਨ ਵਗੈਰਾ ਜਾ ਕੇ ਲੈ ਆਵਾਂ।' ਹੁਕਮ ਹੋਇਆ 'ਨਹੀਂ'। 2-3 ਵਾਰ ਅਰਜ਼ ਕਰਨ ਤੇ ਵੀ ਮਨ੍ਹਾਂ ਹੀ ਕੀਤਾ। ਫਿਰ ਅਰਜ ਕੀਤੀ ਇੱਥੇ ਕੰਮ-ਕਾਰ ਢਿੱਲਾ ਹੀ ਹੈ। ਉਥੇ ਤੇ ਬਹੁਤ ਵਧੀਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ ਇੱਥੇ ਵੀ ਵਧੀਆ ਹੋ ਜਾਏਗਾ। 1952 'ਚ ਭੋਜਪੁਰ ਜਗ੍ਹਾ ਲੈ ਲਈ। ਇੱਥੇ ਹੀ ਘਰ ਦੁਕਾਨ ਵਗ਼ੈਰਾ ਚਲਾਈ, ਲੂਣ ਦਾ ਵਪਾਰ ਕਰਦੇ ਹੁੰਦੇ ਸਨ। ਸੱਚੇ ਪਾਤਸ਼ਾਹ ਜੀ ਦੇ ਬਚਨ ਸਦਕਾ ਵਿਹਾਰ ਵਧੀਆ ਹੋ ਗਿਆ।

ਸੁੰਦਰ ਨਗਰ ਵਿੱਚ ਸੰਤ ਜਵਾਹਰ ਸਿੰਘ ਸਾਧੂ ਬਿਰਤੀ ਵਾਲੇ ਕਰਕੇ ਜਾਣੇ ਜਾਂਦੇ ਸਨ। ਇੱਥੋਂ ਦੀ ਰਿਆਸਤ ਦਾ ਰਾਜਾ ਲਸ਼ਮਣ ਸੈਣ ਸੀ, ਬੱਗੀ ਤੇ ਬੈਠਕੇ ਉਸਨੇ ਜਦੋਂ ਧੌਲਪੁਰ 'ਚੋਂ ਲੰਘਣਾ ਤਾਂ ਸਭ ਲੋਕਾਂ ਨੇ ਆਪ ਨੂੰ ਸਤਿਕਾਰ ਦੇਣਾ। ਪਰ ਜਦੋਂ ਸੰਤ ਜਵਾਹਰ ਸਿੰਘ ਨੂੰ ਵੇਖਣਾ ਤਾਂ ਰਾਜਾ ਸਾਹਿਬ ਨੇ ਉੱਤਰ ਕੇ ਆ ਕੇ ਆਪ ਸਤਿਕਾਰ ਸਹਿਤ ਮਿਲਣਾ ਕਿ 'ਤੁਸੀਂ ਸੰਤ ਓ।' ਇੱਕ ਵਾਰ ਰਾਜਾ ਸਾਹਿਬ ਕਹਿਣ ਲੱਗੇ: "ਜਵਾਹਰ ਸਿੰਘ ਜੀ, ਸਾਰੇ ਲੋਕ ਮੇਰੇ ਤੋਂ ਫ਼ਾਇਦਾ ਲੈਂਦੇ ਨੇ ਤੁਸੀਂ ਵੀ ਜੋ ਚਾਹੋ, ਜ਼ਮੀਨ ਵਗੈਰਾ ਜਾਂ ਹੋਰ ਕੋਈ ਫਾਇਦਾ ਲੈ ਲਵੋ।" ਸੰਤਾਂ ਨੇ ਸਤਿਕਾਰ ਸਹਿਤ ਰਾਜਾ ਸਾਹਿਬ ਨੂੰ ਕਿਹਾ: "ਸੱਚੇ ਪਾਤਸ਼ਾਹ ਜੀ ਦੀ ਬਹੁਤ ਕਿਰਪਾ ਹੈ ਮੈਨੂੰ ਬਹੁਤ ਕੁਝ ਦਿੱਤਾ ਹੋਇਆ।" ਪਰ ਸੰਤਾਂ ਨੇ ਰਾਜਾ ਸਾਹਿਬ ਤੋਂ ਗਰੀਬ ਲੋਕਾਂ ਦੀ ਬਹੁਤ ਮਦਦ ਕਰਵਾਈ।

ਸ੍ਰੀ ਭੈਣੀ ਸਾਹਿਬ ਕੋਈ ਸੇਵਾ ਹੁੰਦੀ, ਪ੍ਰਤਾਪ ਮੰਦਰ ਦੀ ਉਸਾਰੀ ਹੋਵੇ ਜਾਂ ਰਾਮ-ਸਰੋਵਰ ਦਾ ਨਿਰਮਾਣ ਹੋਵੇ ਜਾਂ ਕੋਈ ਪੰਥਕ ਸੇਵਾ ਹੋਵੇ ਸ੍ਰ. ਅਮਰਜੀਤ ਸਿੰਘ ਜੀ ਵਿਤੋਂ ਵੱਧ ਹਿੱਸਾ ਪਾਉਂਦੇ।

ਅਖੀਰਲੇ ਸਮੇਂ ਸੰਤਾਂ ਦੇ ਘਰੋਂ ਬੀਬੀ ਹਰਭਜਨ ਕੌਰ 8 ਸਾਲ ਮੰਜੇ ਤੇ ਹੀ ਬੀਮਾਰ ਰਹੇ। ਇਨ੍ਹਾਂ ਦੇ ਨੂੰਹ-ਪੁੱਤਰ, ਅਮਰਜੀਤ ਸਿੰਘ ਅਤੇ ਪ੍ਰਮਜੀਤ ਕੌਰ ਨੇ ਦਿਨ ਰਾਤ ਉਨ੍ਹਾਂ ਦੀ ਸੇਵਾ ਕੀਤੀ। 1992 'ਚ ਸੰਤ ਜਵਾਹਰ ਸਿੰਘ ਵੀ ਚੜ੍ਹਾਈ ਕਰ ਗਏ। 2 ਕੁ ਦਿਨਾਂ ਬਾਅਦ ਹੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦੌਰਾ ਹੋਇਆ। ਸੁੰਦਰ ਨਗਰ ਪਹੁੰਚ ਕੇ ਸਿੱਧਾ ਘਰੇ ਦਰਸ਼ਨ ਦਿੱਤੇ। ਬਚਨ ਕੀਤਾ: ਸੰਤ ਜੀ ਸਚਖੰਡ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਪਹੁੰਚ ਗਏ ਹਨ।

ਇੱਥੋਂ ਦੀਆਂ ਸਮਾਜ ਸੇਵੀ ਸੰਸਥਾਵਾਂ ਵਿੱਚ ਅਮਰਜੀਤ ਸਿੰਘ ਜੀ ਦਾ ਬਹੁਤ ਯੋਗਦਾਨ ਰਿਹਾ। ਰਾਜਨੀਤਿਕ, ਧਾਰਮਿਕ ਲੋਕ ਵੀ ਆਪ ਦਾ ਬਹੁਤ ਸਨਮਾਨ ਕਰਦੇ। ਕਾਂਗਰਸ 'ਚ ਅਹੁਦੇਦਾਰ ਹੁੰਦਿਆਂ ਵੀ ਗਊ ਰੱਖਿਆ ਅਤੇ ਗਊ ਸੇਵਾ ਕਾਰਨ ਆਪ ਦੀ ਆਰ.ਐੱਸ.ਐੱਸ. ਨਾਲ ਵੀ ਗੂੜੀ ਸਾਂਝ ਸੀ।

ਕਲਾਥ ਐਸੋਸੀਏਸ਼ਨ ਦੇ ਪ੍ਰਧਾਨ ਦੀ ਸੇਵਾ ਨਿਭਾਉਂਦੇ ਸਮੇਂ ਆਪ ਨੇ ਨੇੜਲੇ ਸਕੂਲਾਂ ਦੇ ਗਰੀਬ ਬੱਚਿਆਂ ਨੂੰ ਵਰਦੀਆਂ, ਕੋਟੀਆਂ, ਸਵੈਟਰ, ਬੂਟ ਆਦਿ ਜਾ ਕੇ ਵੰਡਦੇ।

'ਕਲਿਆਣ ਗਊ ਸਦਨ, ਵੀ ਸੁੰਦਰ ਨਗਰ ਦੇ ਕੁਝ ਮੁੱਖੀ ਸੱਜਣਾਂ ਦੇ ਉੱਦਮ ਨਾਲ ਬਣਿਆ। ਉਨ੍ਹਾਂ ਵਿੱਚੋਂ ਇੱਕ ਸ. ਅਮਰਜੀਤ ਸਿੰਘ ਸਨ। ਰੋਜ਼ਾਨਾ ਦੋ ਵਾਰ ਨਹੀਂ ਤਾਂ ਇੱਕ ਵਾਰ ਜ਼ਰੂਰ ਗਊਸ਼ਾਲਾ ਜਾ ਕੇ ਕੰਮ ਕਾਰ ਵੇਖਦੇ, ਸੇਵਾ ਕਰਦੇ, ਕਰਾਉਂਦੇ। ਲਾਕ ਡਾਊਨ 'ਚ ਵੀ ਆਪ ਕੰਮ ਕਰਨ ਵਾਲਿਆਂ ਨੂੰ ਆਪ ਜਾ ਕੇ ਗਊ ਸਦਨ ਲੈ ਕੇ ਆਉਂਦੇ।

ਹਫਤਾ ਕੁ ਪਹਿਲਾਂ ਹੀ ਰਾਜਪਾਲ ਸਿੰਘ ਦੇ ਘਰੋਂ ਮਨਜੀਤ ਕੌਰ ਤੇ ਪੋਤੀ ਰਮਨੀਕ ਕੌਰ ਇੰਦੌਰਾ ਵਿਖੇ ਫਾਰਮ ਤੇ ਗਏ ਸਨ। ਪਿਤਾ ਅਮਰਜੀਤ ਸਿੰਘ ਜੀ ਨੇ 4 ਕੁ ਦਿਨ ਪਹਿਲਾਂ ਫੋਨ ਕੀਤਾ। ਪੋਤੀ ਰਮਨੀਕ ਨੂੰ ਕਹਿਣ ਲੱਗੇ, ਮੈਂ ਜਿੰਨੇ ਵੀ ਆਦਿ ਗ੍ਰੰਥ ਸਾਹਿਬ ਦੇ ਪਾਠ ਕਰਦਾ ਸਾਂ, ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਸਮਰਪਿਤ ਹੁੰਦੇ ਸਨ ਜਾਂ ਬਜ਼ੁਰਗਾਂ ਨਮਿੱਤ। ਇਹ ਪਹਿਲਾਂ ਮੌਕਾ ਹੈ ਮੈਂ ਆਪਣੇ ਲਈ ਪਾਠ ਕੀਤਾ ਹੈ, ਮੇਰਾ ਪਾਠ ਪੂਰਾ ਹੋ ਗਿਆ ਹੈ, ਮੇਲਾ ਤੁਸੀਂ ਕਰ ਲਇਓ।

20-22 ਦਿਨ ਪਹਿਲਾਂ ਸਵਰਣ ਸਿੰਘ ਮੰਡੀ ਵਾਲਿਆਂ ਦਾ ਫੋਨ ਆਇਆ, ਦੋ ਵਾਰੀ ਪਰ ਅਮਰਜੀਤ ਸਿੰਘ ਗੱਲ ਨਾ ਕਰ ਸਕੇ। ਫੇਰ ਰਾਜਪਾਲ ਸਿੰਘ ਨੂੰ ਫੋਨ ਕੀਤਾ ਕਿ ਮੈਂ ਦੋ ਵਾਰ ਫੋਨ ਕੀਤਾ ਏ, ਅਮਰਜੀਤ ਨੇ ਚੁੱਕਿਆ ਨਹੀਂ। ਮੈਂ ਇਸ ਲਈ ਫੋਨ ਕਰ ਰਿਹਾ ਸਾਂ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦੇ ਕੇ ਹੁਕਮ ਕੀਤਾ ਹੈ: 'ਜਵਾਹਰ ਸਿੰਘ ਦਾ ਘਰ, ਮੇਰਾ ਆਪਣਾ ਘਰ ਹੈ। ਉਹਦੇ ਮੁੰਡੇ ਨੂੰ ਕਹਿ ਕਿ ਤਕੜਾ ਹੋ ਕੇ ਨਾਮ ਜਪਿਆ ਕਰੇ ਮੈਂ ਤੁਹਾਡੇ ਨਾਲ ਹਾਂ।'

ਡਾਕਟਰ ਵੀ.ਐੱਸ. ਗੁਪਤਾ (ਆਯੁਰਵੈਦਿਕ) ਨੂੰ ਕੁਝ ਦਿਨ ਪਹਿਲਾਂ ਮਿਲੇ, ਤਾਂ ਕਹਿਣ ਲੱਗੇ ਮੈਂ ਰਾਜੇ ਤੋਂ ਜਿਆਦਾ ਸੇਵਾ ਇਸ ਲਈ ਨਹੀਂ ਕਰਵਾਉਂਦਾ ਕਿਉਂਕਿ ਉਹ ਉੱਚ ਬਿਰਤੀ ਦਾ ਸਾਧੂ ਹੈ। 5 ਜੁਲਾਈ ਸ਼ਾਮ ਨੂੰ ਰਾਜਪਾਲ ਸਿੰਘ ਦੀ ਮਾਤਾ ਨੂੰ ਕਹਿਣ ਲੱਗੇ ਚੱਲ ਤੈਨੂੰ ਘੁਮਾ ਫਿਰਾ ਲਿਆਵਾਂ। ਸਬਜ਼ੀ ਵ਼ਗੈਰਾ ਲੈਣ ਚਲੇ ਗਏ ਵਾਪਸ ਆਉਂਦਿਆਂ ਕਹਿਣ ਲੱਗੇ, ਹਰੇ ਬਾਗ ਵੀ ਜਾ ਆਈਏ ਅੰਬ ਲੈ ਆਵਾਂਗੇ। ਉਹ ਕਹਿਣ ਲੱਗੇ ਰਹਿਣ ਦਿਓ ਘਰੇ ਚੱਲਦੇ ਹਾਂ ਰਾਤ ਨੂੰ ਪ੍ਰਸ਼ਾਦਾ ਵਗੈਰਾ ਛਕ ਕੇ 8:30 ਕੁ ਵਜੇ ਸੌਂ ਗਏ। 10:30 ਰਾਜਪਾਲ ਸਿੰਘ, ਪਿਤਾ ਦੇ ਕਮਰੇ 'ਚ ਗਏ, ਦੇਖਿਆ ਬੈਠੇ ਨੇ ਸਾਹ ਦੀ ਤਕਲੀਫ਼ ਹੈ। ਅਮਰਜੀਤ ਸਿੰਘ ਹੁਰਾਂ ਨੇ ਰਾਜਪਾਲ ਨੂੰ ਕਿਹਾ, ਗੁਰਦੇਵ ਸਿੰਘ ਨੂੰ ਫ਼ੋਨ ਕਰਕੇ ਬੁਲਾ ਲੈ। ਰਾਜਪਾਲ ਆਪਣੀ ਮਾਤਾ ਨੂੰ ਬੁਲਾਉਣ ਚਲਾ ਗਿਆ। ਫੇਰ ਕਹਿਣ ਲੱਗੇ ਗੁਰਦੇਵ ਨੂੰ ਫ਼ੋਨ ਕਰ। ਉਸੇ ਵਕਤ ਫ਼ੋਨ ਕਰਕੇ ਸੱਦ ਲਿਆ ਤੇ ਨਾਲ ਹੀ ਕਹਿਣ ਲੱਗੇ ਮੋਨੂੰ ਨੂੰ ਵੀ ਸੱਦ ਲੈ।

ਗੁਰਦੇਵ ਸਿੰਘ ਸਾਹਮਣੇ ਖੜ੍ਹੇ ਸਨ ਤਾਂ ਅਮਰਜੀਤ ਸਿੰਘ ਹੱਥ ਜੋੜ ਕੇ ਕਹਿਣ ਲੱਗੇ: ਗੁਰਦੇਵ ਸਿੰਘ ਹੁਣ ਸਤਿ ਸ੍ਰੀ ਅਕਾਲ। ਗੁਰਦੇਵ ਸਿੰਘ ਕਹਿਣ ਲੱਗੇ ਕੋਈ ਗੱਲ ਨਹੀਂ ਹਸਪਤਾਲ ਚੱਲਦੇ ਹਾਂ। ਅਮਰਜੀਤ ਸਿੰਘ ਕਹਿਣ ਲੱਗੇ ਤੂੰ ਅਰਦਾਸ ਕਰਦੇ, ਮੇਰਾ ਰਸਤਾ ਸਾਫ਼ ਹੈ। ਫਿਰ ਹਸਪਤਾਲ ਲੈ ਕੇ ਗਏ ਧੱਕੇ ਨਾਲ ਹੀ, ਇੰਜੈਕਸ਼ਨ ਵਗੈਰਾ ਲਾਏ ਤੇ ਤਕਲੀਫ ਘੱਟ ਗਈ, ਕਹਿਣ ਲੱਗੇ, ਤੇਰੀ ਗੱਲ ਮੰਨ ਕੇ ਆ ਗਿਆ, ਚੰਗਾ ਹੋਇਆ, ਹੁਣ ਠੀਕ ਹਾਂ। 4:30 ਕੁ ਵਜੇ ਪਾਣੀ ਮੰਗਿਆ ਪੀਤਾ। ਰਾਜਪਾਲ ਸਿੰਘ ਨੇ ਗੁਰਦੇਵ ਸਿੰਘ ਦੇ ਲੜਕੇ ਮਿੱਠੂ ਨੂੰ ਕਿਹਾ ਰਤਨ ਸਿੰਘ ਦੀ ਗੱਲ ਮੰਨ ਮੰਡੀ ਹਸਪਤਾਲ ਲੈ ਚੱਲਦੇ ਹਾਂ। ਲੰਮੇ ਪਿਆਂ ਸਾਹ ਔਖਾ ਹੁੰਦਾ ਸੀ। ਇਸ ਲਈ ਰਾਜਪਾਲ ਦੀ ਗੋਦੀ ਵਿੱਚ ਹੀ ਸਿਰ ਰੱਖਿਆ ਹੋਇਆ ਸੀ। ਹੌਲੀ-ਹੌਲੀ 2 ਵਾਰ ਸਾਹ ਲਏ ਜਿਵੇਂ ਅਲੋਮ-ਵਿਲੋਮ ਕਰੀਦਾ ਹੈ। ਰਾਜਪਾਲ ਸੋਚਿਆ ਨੀਂਦ ਆ ਗਈ ਹੈ, ਸ਼ਾਂਤ ਹਨ। ਦੋ-ਚਾਰ ਮਿੰਟ ਬਾਅਦ ਨਰਸ ਨੂੰ ਸੱਦਿਆ ਚੈੱਕ ਕੀਤਾ ਤਾਂ 5:25 ਸਵੇਰੇ ਪੂਰੇ ਹੋ ਗਏ ਸਨ।

ਉਸੇ ਦਿਨ ਦੁਪਹਿਰੇ ਸ਼ਮਸ਼ਾਨ ਘਾਟ ਲਿਜਾ ਕੇ ਪੂਰੀ ਰਹਿਤ ਮਰਿਆਦਾ ਸਹਿਤ ਸਸਕਾਰ ਕੀਤਾ ਗਿਆ। ਕੋਰੋਨਾ ਕਰਕੇ ਮੰਡੀ ਦੀਆਂ ਸੰਗਤਾਂ ਨੂੰ ਨਾ ਆਉਣ ਲਈ ਕਿਹਾ ਸੀ, ਬੀਬੀਆਂ ਵੀ ਨਾ ਹੀ ਆਉਣ ਫੇਰ ਵੀ ਨਾਮਧਾਰੀ ਸੰਗਤ ਤੇ ਹੋਰ ਲੋਕਲ ਸੱਜਣ ਮਿੱਤਰ ਪੰਜ-ਛੇ ਸੌ ਸਰੀਰ ਸਸਕਾਰ ਸਮੇਂ ਪੁੱਜ ਗਏ ਸਨ।

ਇਸ ਇਲਾਕੇ ਦੇ ਜਾਣੇ ਪਹਿਚਾਣੇ ਆਚਾਰੀਯ ਸ੍ਰੀ ਹੇਮ ਪ੍ਰਭੂ ਸ਼ਾਸਤਰੀ ਜੀ ਜੋ ਕਿ ਪੂਰਨ ਸਨਾਤਨ ਮਰਿਆਦਾ ਦੇ ਧਾਰਨੀ ਹਨ। ਆਮ ਤੌਰ ਤੇ ਕਿਸੇ ਸਮਾਗਮ ਵਿੱਚ ਨਹੀਂ ਜਾਂਦੇ ਪਰ ਅਮਰਜੀਤ ਸਿੰਘ ਹੁਰਾਂ ਕਰਕੇ ਘਰੇ ਆਕੇ 3-4 ਘੰਟੇ ਬੈਠੇ ਰਹੇ।

ਸ੍ਰ. ਅਮਰਜੀਤ ਸਿੰਘ ਜੀ ਦੇ ਘਰੋਂ ਬੀਬੀ ਪ੍ਰਮਜੀਤ ਕੌਰ ਅਤੇ ਇਕਲੌਤਾ ਸਪੁੱਤਰ ਰਾਜਪਾਲ ਸਿੰਘ ਨਾਮ-ਬਾਣੀ ਅਤੇ ਸਿੱਖੀ ਸਿਦਕ ਨੂੰ ਪਰਨਾਏ ਹੋਏ ਹਨ। ਪੁੱਤਰੀਆਂ, ਪੋਤਰੀਆਂ, ਦੋਹਤੇ ਦੋਹਤੀਆਂ ਵਾਲੇ ਵੱਡੇ ਬਾਗ ਪ੍ਰਵਾਰ ਦੀਆਂ ਜਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਆਪ ਸਮਾਜ ਸੇਵਾ ਅਤੇ ਪੰਥ ਸੇਵਾ ਵਲੋਂ ਕਦੇ ਅਵੇਸਲੇ ਨਾ ਹੋਏ। ਐਸੇ ਗੁਰਮੁਖਾਂ ਵਾਸਤੇ ਹੀ ਗੁਰਵਾਕ ਹੈ-

ਜੀਵਤਿ ਸਾਹਿਬ ਸੇਵਿਓ ਆਪਣਾ
ਚਲਤੇ ਰਾਖਿਓ ਚੀਤਿ॥

# ਸੇਵਕ ਕੀ ਓੜਕਿ ਨਿਬਹੀ ਪ੍ਰੀਤ

## ਸੰਤ ਅਮਰਜੀਤ ਸਿੰਘ ਨਮਿੱਤ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਰੋਹ

ਸੁੰਦਰਨਗਰ ਹਿਮਾਚਲ ਪ੍ਰਦੇਸ਼ ਨਿਵਾਸੀ ਅਮਰਜੀਤ ਸਿੰਘ ਸਪੁੱਤਰ ਸੰਤ ਜਵਾਹਰ ਸਿੰਘ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਸੁੰਦਰ ਨਗਰ ਵਿਖੇ 6



ਜੁਲਾਈ 2020 ਨੂੰ ਸਵੇਰ ਦੇ ਸਮੇਂ 5:20 ਮਿੰਟ 'ਤੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਇਸੇ ਦਿਨ ਬਾਅਦ ਦੁਪਹਿਰ ਗੁਰਮਰਿਆਦਾ ਅਨੁਸਾਰ ਅੰਤਿਮ ਸੰਸਕਾਰ ਕੀਤਾ ਗਿਆ। ਸਮਾਜ ਸੇਵੀ ਹੋਣ ਕਰਕੇ ਸੰਤ ਅਮਰਜੀਤ ਸਿੰਘ ਦਾ ਸਿੱਖ ਸਮਾਜ ਤੋਂ ਬਾਹਰ ਵੀ ਏਨਾ ਪ੍ਰਭਾਵ ਸੀ ਕਿ ਬਾਵਜੂਦ ਕੋਰੋਨਾ ਦੀਆਂ ਬੰਦਿਸ਼ਾਂ ਹੋਣ ਦੇ 600,700 ਦੀ ਗਿਣਤੀ ਵਿੱਚ ਇਕੱਠ ਹੋ ਗਿਆ। ਪਰਿਵਾਰ ਨੇ ਸ੍ਰੀ ਸਤਿਗੁਰ ਜੀ ਤੋਂ ਆਗਿਆ ਲੈ ਕੇ 10 ਜੁਲਾਈ ਸ੍ਰੀ ਭੈਣੀ ਸਾਹਿਬ ਭੋਗ ਸਮਾਗਮ ਰੱਖਿਆ। ਦੁਪਹਿਰ 12 ਤੋਂ 1 ਦਰਮਿਆਨ ਹਰੀ ਮੰਦਿਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਪਾਠ ਦਾ ਭੋਗ ਪਾਇਆ ਗਿਆ। ਵਰਨਣਯੋਗ ਹੈ ਕਿ ਇਹ ਪਾਠ ਸੰਤ ਅਮਰਜੀਤ ਸਿੰਘ ਜੀ, ਆਪ ਕੀਤਾ ਸੀ ਅਤੇ ਘਰਦਿਆਂ ਨੂੰ ਆਖਿਆ ਸੀ ਕਿ ਮੈਂ ਹੁਣ ਤੱਕ ਜਿੰਨੇ ਪਾਠ ਕੀਤੇ ਹਨ, ਉਹ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਕੀਤੇ ਹਨ। ਇਹ ਪਹਿਲਾ ਪਾਠ ਮੈਂ ਆਪਣੇ ਵਾਸਤੇ ਕੀਤਾ ਹੈ। ਇਹ ਮੇਰੇ 10 ਤੋਂ 12 ਜੁਲਾਈ ਸ੍ਰੀ ਭੈਣੀ ਸਾਹਿਬ, ਸੁੰਦਰ ਨਗਰ ਨਮਿੱਤ ਭੋਗ ਪਾ ਦਿਓ। ਪਾਠ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਰਛਪਾਲ ਸਿੰਘ ਸਪੁੱਤਰ ਸੰਤ ਅਮਰਜੀਤ ਸਿੰਘ ਦੇ ਸੀਸ 'ਤੇ ਆਪਣੇ ਕਰ ਕਮਲਾਂ ਨਾਲ ਦਸਤਾਰ ਸਜਾਉਣ ਦੀ ਕ੍ਰਿਪਾ ਕੀਤੀ ਅਤੇ ਅਸੀਸਾਂ ਭਰਿਆ ਸਿਰ 'ਤੇ ਹੱਥ ਰੱਖਿਆ।

12 ਜੁਲਾਈ ਨੂੰ ਸੁੰਦਰ ਨਗਰ ਦੀ ਸੰਗਤ ਵੱਲੋਂ ਅਤੇ ਸੰਬੰਧੀਆਂ ਵੱਲੋਂ ਸੰਤ ਜੀ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਰੋਹ ਰੱਖਿਆ। 12:10 ਤੋਂ ਪ੍ਰੋਗਰਾਮ ਆਰੰਭ ਹੋਇਆ ਪਹਿਲਾਂ ਮੰਡੀ ਅਤੇ ਸੁੰਦਰ ਨਗਰ ਦੀਆਂ ਬੀਬੀਆਂ ਨੇ ਕੀਰਤਨ ਕੀਤਾ। ਉਪਰੰਤ ਪਾਠ ਦਾ ਭੋਗ ਪਾਇਆ ਗਿਆ। ਇਸ ਸਮੇਂ ਉਚੇਚੇ ਤੌਰ 'ਤੇ ਸ਼ਰਧਾਂਜਲੀ ਸਮਾਗਮ ਵਿੱਚ ਅਕੀਦਤ ਭੇਟ ਕਰਨ ਆਏ ਸੁੰਦਰ ਨਗਰ ਦੇ ਵਿਧਾਇਕ ਸ੍ਰੀ ਰਾਜੇਸ਼ ਜੰਬਾਰ ਜੀ, ਜ਼ਿਲ੍ਹਾ ਵਪਾਰ ਮੰਡਲ ਦੇ ਪ੍ਰਧਾਨ ਸ੍ਰੀ ਨਰਿੰਦਰ ਗੋਇਲ ਜੀ, ਸੁੰਦਰ ਨਗਰ ਵਪਾਰ ਮੰਡਲ ਦੇ ਪ੍ਰਧਾਨ ਸ੍ਰੀ ਘਣਸ਼ਾਮ ਮਹਾਜਨ ਜੀ, ਸਹਿਪਾਠੀ ਸਭਾ ਦੇ ਪ੍ਰਧਾਨ ਸ੍ਰੀ ਸਵੂਰੀਕਮ ਸ੍ਰੈਨ ਜੀ, ਸਾਬਕਾ ਜੰਗਲਾਤ ਮੰਤਰੀ ਠਾਕੁਰ ਰੂਪ ਸਿੰਘ ਜੀ ਆਦਿ। ਕਰੀਬ ਇੱਕ ਘੰਟੇ ਲਈ ਸੂਬਾ ਸਾਧਾ ਸਿੰਘ ਜੀ ਮੰਡੀ ਨੇ ਗੁਰੂ ਜੱਸ ਕਰਦਿਆਂ ਇੱਕ ਆਦਰਸ਼ ਗੁਰਸਿੱਖ ਵਜੋਂ ਸੰਤ ਅਮਰਜੀਤ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ। ਇੱਥੋਂ ਦੇ ਬਹੁਤ ਹੀ ਵਿਦਵਾਨ ਅਤੇ ਸਾਧੂ-ਜਨ ਡਾ. ਮੋਹਨ ਲਾਲ ਜੀ ਅਤੇ ਸ੍ਰੀ ਹੇਮ ਪ੍ਰਭੂ ਆਚਾਰੀਆ ਜੀ ਨੇ ਵਿਦਵਤਾ ਭਰਪੂਰ ਵਿਖਿਆਨ ਕੀਤਾ। ਉਨ੍ਹਾਂ ਦੱਸਿਆ ਕਿ ਅਮਰਜੀਤ ਸਿੰਘ ਜੀ ਆਪਣੀ ਨਿੱਜੀ ਕਾਰ-ਵਿਹਾਰ ਨਾਲੋਂ ਸਮਾਜ ਸੇਵਾ ਨੂੰ ਪਹਿਲ ਦਿੰਦੇ ਸਨ ਅਤੇ ਤਨਦੇਹੀ ਨਾਲ ਜ਼ਿੰਮੇਵਾਰੀ ਨਿਭਾਉਂਦੇ ਸਨ। ਲੋਕ ਡਾਊਨ ਦੌਰਾਨ ਗਊਸ਼ਾਲਾ ਦੇ ਸੇਵਕਾਂ ਨੂੰ ਘਰੋਂ ਲਿਆਉਣਾ ਘਰ ਛੱਡ ਕੇ ਆਉਣਾ ਗਊਆਂ ਦੀ ਸੇਵਾ ਦਾ ਵੀ ਧਿਆਨ ਰੱਖਿਆ ਅਤੇ ਲੋੜਵੰਦ ਗਰੀਬ ਪਰਿਵਾਰਾਂ ਨੂੰ ਰਸਤ-ਪਾਣੀ ਪੁੱਜਦੀ ਕਰਦੇ ਰਹੇ।

ਉਪਰੰਤ ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ ਨੇ ਗੁਰਬਾਣੀ ਅਤੇ ਗੁਰ ਇਤਿਹਾਸ ਅਨੁਸਾਰ ਗੁਰਸਿੱਖ ਦੇ ਜੀਵਨ ਬਾਰੇ ਵਿਖਿਆਨ ਕੀਤਾ। ਉਨ੍ਹਾਂ ਦੱਸਿਆ ਕਿ



ਗੁਰਮੱਤ ਅਨੁਸਾਰ ਗੁਰਸਿੱਖ ਦੇ ਦੀਪਕ ਬਾਰੇ ਵਿਖਿਆਨ ਕੀਤਾ। ਉਨ੍ਹਾਂ ਦੱਸਿਆ ਕਿ ਗੁਰਮੱਤ ਅਨੁਸਾਰ ਜਨਮ ਦੀਆਂ ਖ਼ੁਸ਼ੀਆਂ ਅਤੇ ਸਰੀਰ ਤਿਆਗਣ ਸਮੇਂ ਸਮਾਨ ਅਵਸਥਾ ਵਿੱਚ ਰਹਿਣ ਦੀ ਪ੍ਰੇਰਨਾ ਦਿੱਤੀ ਗਈ ਹੈ। ਸੰਤ ਅਮਰਜੀਤ ਸਿੰਘ ਜੀ ਇੱਕ ਆਦਰਸ਼ ਗੁਰਸਿੱਖ ਵਾਂਗ–

'ਜੀਵਤ ਸਾਹਿਬ ਸੇਵਿਓ
ਅਪਨਾ ਚਲਤੇ ਰਾਖਿਓ ਚੀਤਿ॥'

ਗੁਰਵਾਕ ਅਨੁਸਾਰ ਜੀਵਨ ਯਾਤਰਾ ਸਫ਼ਲ ਕਰਕੇ ਸੱਚਖੰਡ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਪਰੰਤ ਹਰਪਾਲ ਸਿੰਘ ਸੇਵਕ ਨੇ ਸ਼ਰਧਾ ਸੁਮਨ ਭੇਟ ਕਰਦਿਆਂ ਕਿਹਾ ਕਿ ਸੰਤ ਅਮਰਜੀਤ ਸਿੰਘ ਜੀ ਨੂੰ ਨਾਮ–ਬਾਣੀ ਅਤੇ ਸੇਵਾ–ਸਿਮਰਨ ਦੀ ਗੁੜ੍ਹਤੀ ਆਪਣੇ ਮਾਤਾ–ਪਿਤਾ ਤੋਂ ਮਿਲੀ। ਆਪ ਦੇ ਪਿਤਾ ਬੜੇ ਤਪੱਸਵੀ ਸਾਧੂ ਸਨ। ਸੰਤ ਅਮਰਜੀਤ ਸਿੰਘ ਦੀ ਸੁੱਚੀ ਕਿਰਤ ਕਰਨ ਵਾਲੇ, ਸੇਵਾ ਨੂੰ ਆਪਣੇ ਜੀਵਨ ਦਾ ਮਨੋਰਥ ਸਮਝਣ ਵਾਲੇ, ਸਨਿਮਰ, ਸੰਜਮੀ, ਸੁਹਿਰਦ ਅਤੇ ਪਰਉਪਕਾਰੀ ਸੱਜਣ ਪੁਰਸ਼ ਸਨ। ਜਦੋਂ ਮਨੁੱਖ ਇਸ ਸੰਸਾਰ ਤੇ ਆਉਂਦਾ ਹੈ। ਉਸ ਸਮੇਂ ਉਹ ਆਪਣੇ ਮਾਤਾ–ਪਿਤਾ ਦੀ ਗੋਦ ਵਿੱਚ ਸੁਰੱਖਿਅਤ ਹੁੰਦਾ ਹੈ ਅਤੇ ਚੰਗੇ ਭਾਗਾਂ ਵਾਲੇ ਪੁਰਸ਼ ਹੁੰਦੇ ਹਨ, ਜਿਨ੍ਹਾਂ ਦਾ ਅੰਤ ਆਪਣੇ ਬੱਚਿਆਂ ਦੀ ਗੋਦ ਵਿੱਚ ਹੋਵੇ। ਅਜਿਹੇ ਵੱਡਭਾਗੀ ਗੁਰਸਿੱਖ ਸਨ। ਸੰਤ ਅਮਰਜੀਤ ਸਿੰਘ ਜੀ ਜਿਨ੍ਹਾਂ ਨੂੰ ਅੰਤ ਸਮੇਂ ਕਿਸੇ ਤਰ੍ਹਾਂ ਦੀ ਕੋਈ ਤਕਲੀਫ ਨਹੀਂ ਆਈ। ਚੱਲਦੇ ਫਿਰਦੇ ਜਦੋਂ 6 ਜੁਲਾਈ ਨੂੰ ਅੰਮ੍ਰਿਤ ਵੇਲੇ ਕੁਝ ਸਾਹ ਦੀ ਤਕਲੀਫ਼ ਜਾਪੀ ਤਾਂ ਆਪਣੇ ਪੁੱਤਰ ਦੀ ਗੋਦ ਵਿੱਚ ਸਿਰ ਰੱਖਿਆ ਹੋਇਆ ਸੀ। ਕੁਝ ਲੰਮੇ ਸਾਹ ਲਏ ਜਿਵੇਂ ਪ੍ਰਾਣਾਯਾਮ ਕਰਦੇ ਹੋਣ ਅਤੇ ਸ਼ਾਂਤ ਹੋ ਗਏ। ਅਜਿਹੇ ਗੁਰਸਿੱਖਾਂ ਦਾ ਜੀਵਨ ਵੀ ਸਫ਼ਲ ਹੁੰਦਾ ਹੈ ਅਤੇ ਅੰਤ ਵੀ ਸੁਖਾਵਾਂ 'ਲੋਕ ਸੁਖੀਏ ਪਰਲੋਕ ਸੁਹੇਲੇ' ਦੀ ਅਵਸਥਾ ਪ੍ਰਾਪਤ ਕਰਦੇ ਹਨ।



ਉਪਰੰਤ ਮੰਡੀ ਵਾਲੇ ਸਰਦਾਰ ਮਨਜੀਤ ਸਿੰਘ ਜੀ ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਅਸੀਂ ਵੇਖਦੇ ਰਹੇ ਹਾਂ ਕਿ ਸੰਤ ਜਵਾਹਰ ਸਿੰਘ ਜੀ ਏਡੇ ਮਹਾਨ ਪੁਰਸ਼ ਸਨ ਕਿ ਮੰਡੀ ਦਾ ਰਾਜਾ ਵੀ ਆਪ ਦਾ ਬੜਾ ਅਦਬ ਕਰਦਾ ਸੀ। ਸੇਵਾ–ਸਿਮਰਨ ਅਤੇ ਗੁਰਸਿੱਖੀ ਦੀ ਵਿਰਾਸਤ ਨੂੰ ਅੱਗੋਂ ਸੰਤ ਅਮਰਜੀਤ ਸਿੰਘ ਜੀ ਨੇ ਸੰਭਾਲਿਆ।

'ਪਿਉ ਦਾਦੇ ਜੇਵੇਹਿਆ ਪੋਤਾ ਪਰਵਾਣ'

ਆਪਦਾ ਸਪੁੱਤਰ ਰਛਪਾਲ ਸਿੰਘ ਵੀ ਆਪਣੇ ਦਾਦੇ ਸੰਤ ਜਵਾਹਰ ਸਿੰਘ ਵਾਂਗ ਹੀ ਸਨਿਮਰ, ਸਾਧੂ–ਪੁਰਸ਼ ਹੈ। ਸੰਤ ਅਮਰਜੀਤ ਸਿੰਘ ਜੀ ਦੇ ਸ਼ਰਧਾਂਜਲੀ ਸਮਾਗਮ 'ਤੇ ਨਾਮਧਾਰੀ ਅਤੇ ਗੈਰ ਨਾਮਧਾਰੀ ਹਿੰਦੂ ਸਿੱਖਾਂ ਦਾ ਭਾਰੀ ਇਕੱਠ ਸੀ। ਆਪ ਦੇ ਭਰਾਤਾ ਸੰਤ ਗੁਰਦੇਵ ਸਿੰਘ ਜੋ ਕਈ ਵਰ੍ਹਿਆਂ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸੋਧ ਰੱਖਦੇ ਹਨ, ਨੇ ਸੋਧ ਦਾ ਲੰਗਰ ਤਿਆਰ ਕੀਤਾ। ਸਮੂਹ ਸੰਗਤਾਂ ਨੂੰ ਲੰਗਰ ਵਰਤਾਇਆ ਗਿਆ। ਆਈਆਂ ਸੰਗਤਾਂ ਨੂੰ ਸਤਿਜੁਗ ਦਾ ਸਾਲ 2020 ਦੇ ਕਲੰਡਰ ਵੰਡੇ ਗਏ। ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਕਲੰਡਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਠ ਕਰਦਿਆਂ ਦੀ ਤਸਵੀਰ ਹੈ। ਵਿਸਾਖੀ ਤੋਂ ਆਰੰਭ ਹੋਏ ਕੈਲੰਡਰ 'ਤੇ ਦੇਸੀ ਅਤੇ ਅੰਗਰੇਜ਼ੀ ਤਰੀਕਾਂ ਦੇ ਨਾਲ–ਨਾਲ ਗੁਰਪੁਰਬਾਂ ਆਦਿ ਅਤੇ ਮੇਲਿਆਂ ਤਿਉਹਾਰਾਂ ਦਾ ਵੇਰਵਾ ਵੀ ਹੈ।

ਹਰਪਾਲ ਸਿੰਘ ਸੇਵਕ

## ਜਿੱਤ ਅਤੇ ਇਨਾਮ ਤੋਂ ਵੱਡਾ ਹੈ- ਆਤਮ ਸਨਮਾਨ
## ਪਹਿਲਵਾਨ ਜਸਕੰਵਰ ਸਿੰਘ (ਉਰਫ ਜੱਸਾ ਪੱਟੀ)



25 ਸਾਲਾਂ ਦਾ ਇਹ ਸਿੱਖ ਨੌਜਵਾਨ ਏਸ ਟਾਈਮ ਇੰਡੀਆ ਦਾ ਟੌਪ ਦਾ ਭਲਵਾਨ ਐ...ਹੁਣ ਤੱਕ ਸੱਤਰ ਬੁਲਟ....ਤਿੰਨ ਅਲਟੋ...ਦੋ ਟਰੈਕਟਰਾਂ ਸਮੇਤ ਇੱਕ ਕਰੋੜ ਤੋਂ ਵੱਧ ਮੁੱਲ ਦੇ ਇਨਾਮ ਜਿੱਤ ਚੁੱਕਾ ਏ...ਨਾਮ ਹੈ ਜਸਕੰਵਰ ਸਿੰਘ...ਉਰਫ ਜੱਸਾ ਪੱਟੀ...ਇਸ ਦੇ ਬਾਰੇ ਖਾਸ ਗਲ ਹੈ ਕਿ ਤੁਰਕੀ 'ਚ 28 ਜੁਲਾਈ 2020 ਨੂੰ ਜੱਸੇ ਨੇ ਗੱਦਿਆਂ ਵਾਲ਼ੀ ਕੁਸ਼ਤੀ 'ਚ ਅੰਤਰ ਰਾਸ਼ਟਰੀ ਪੱਧਰ ਤੇ ਪਹਿਲੀ ਵਾਰ ਘੁਲਣਾ ਸੀ...ਓਦਾਂ ਤੇ ਜੱਸਾ ਜਿਆਦਾ ਮਿੱਟੀ ਚ ਘੁਲ਼ਦਾ...ਪਰ ਹੁਣ ਨਾਲ਼ ਨਾਲ਼ ਮੈਟ ਤੇ ਵੀ ਤਿਆਰੀ ਚੱਲ ਰਹੀ ਸੀ...ਏਸ ਚੈਂਪੀਅਨਸ਼ਿਪ ਚ ਪੂਰੀ ਉਮੀਦ ਸੀ ਕਿ ਜੱਸਾ ਮੈਡਲ ਜਰੂਰ ਜਿੱਤ ਕੇ ਲਿਆਏਗਾ। ਹੋਇਆ ਕੀ...28 ਜੂਨ ਨੂੰ ਜੱਸੇ ਦਾ ਯੂਕਰੇਨ ਦੇ ਭਲਵਾਨ ਨਾਲ਼ 125 ਕਿਲੋਗ੍ਰਾਮ ਵਰਗ ਚ ਮੈਚ ਸੀ...ਪਰ ਰੈਫਰੀ ਨੇ ਜੱਸੇ ਨੂੰ ਘੁਲਣ ਤੋਂ ਰੋਕ ਦਿੱਤਾ..ਕਿ ਇਸ ਤਰ੍ਹਾਂ ਤੂੰ ,ਪਟਕਾ ਬੰਨ ਕੇ ਨਹੀਂ ਘੁਲ਼ ਸਕਦਾ...ਹਾਲਾਂ ਕਿ ਕੁਸ਼ਤੀ ਸੰਘ ਦੇ ਰੂਲ ਨੇ ਕਿ ਜਿਸ ਦੇ ਵਾਲ਼ ਲੰਬੇ ਨੇ ਉਹ ਵਾਲ਼ਾਂ ਨੂੰ ਕੱਪੜੇ ਜਾਂ ਕਿਸੇ ਵੀ ਐਸੀ ਚੀਜ ਨਾਲ਼ ਬੰਨ ਸਕਦਾ ਏ ਜਿਸਦਾ ਵਿਰੋਧੀ ਭਲਵਾਨ ਨੂੰ ਕੋਈ ਨੁਕਸਾਨ ਨਾ ਹੋਵੇ...ਮਤਲਬ ਵਿਰੋਧੀ ਖਿਡਾਰੀ ਨੂੰ ਸੱਟ ਲੱਗਣ ਦਾ ਖਤਰਾ ਨਾ ਹੋਵੇ...ਪਰ ਰੈਫਰੀ ਨਾ ਮੰਨਿਆ ਕਿ ਪਟਕਾ ਬੰਨ ਕੇ ਤੂੰ ਨਹੀਂ ਘੁਲ ਸਕਦਾ...ਜੇ ਘੁਲਣਾ ਹੈ ਤਾਂ ਗੁੱਤ ਕਰਨੀ ਪਊ...ਕੁੜੀਆਂ ਵਾਂਗ ਪਿੱਛੇ ਨੂੰ ਗੁੱਤ ਕਰ ਲਓ ਤੇ ਘੁਲ਼ ਲਓ। ਹੁਣ ਸੋਚ ਕੇ ਵੇਖੋ...ਆਪਣੇ ਦੇਸ਼ ਦੀ ਪ੍ਰਤੀਨਿਧਤਾ ਕਰ ਰਿਹਾ ਹੋਵੇ ਬੰਦਾ...ਪਹਿਲਾ ਮੈਚ ਹੋਵੇ ਇੰਟਰਨੈਸ਼ਨਲ ਲੈਵਲ ਦਾ...ਮੈਡਲ ਵੀ ਜਿੱਤਣ ਦੀ ਪੂਰੀ ਆਸ ਹੋਵੇ, ਮੇਰੇ ਤੇਰੇ ਵਰਗਾ ਸਮਝੌਤਾ ਕਰ ਈ ਲੈਂਦਾ...ਵੀ ਕੋਈ ਨੀ...ਜੇ ਪਟਕਾ ਨੀ ਤੇ ਵਾਲ਼ ਪਿੱਛੇ ਨੂੰ ਬੰਨਕੇ ਘੁਲ਼ ਲੈਨੇ ਆਂ...ਫੇਰ ਕੀ ਹੋਜੂ...ਮੈ ਤੂੰ ਐਥੇ ਸੌ ਗੱਲਾਂ ਲਿਖ ਸਕਦੇ ਆਂ ਬਣਾ ਸਕਦੇ ਆਂ....ਬਈ ਅਗਲੇ ਦੇ ਰੂਲ ਨੇ..ਘੁਲ਼ ਲੈਂਦਾ...ਕਰ ਲੈਂਦਾ ਪਿੱਛੇ ਗੁੱਤ, ਫਲਾਣਾ ਧਿਮਕਾ...ਪਰ ਜੱਸੇ ਨੇ ਜੋ ਕੀਤਾ ਤੇ ਕਿਹਾ...ਕਮਾਲ ਕਰਤੀ... ਕਹਿੰਦਾ ਮੈਂ ਇਹ ਪਟਕੇ ਤੋਂ ਬਿਨਾਂ ਨੀ ਘੁਲ਼ ਸਕਦਾ...ਮੇਰਾ ਧਰਮ, ਮੇਰੀ ਕੌਮ, ਮੇਰੀ ਪਹਿਚਾਣ ਐ...ਮੈਨੂੰ ਮੇਰਾ ਧਰਮ ਮੇਰੇ ਅਸੂਲ ਪਹਿਲਾਂ ਨੇ....ਤੁਸੀਂ ਆਪਣੇ ਰੂਲ ਆਪਣੇ ਤਗਮੇ ਰੱਖੋ...ਮੈਨੂੰ ਨੀ ਲੋੜ...ਮੈਚ ਟੂਰਨਾਮੈਂਟ ਮੈਡਲ ਓਥੇ ਹੀ ਛੱਡ ਆਇਆ...ਘੁਲ਼ਿਆ ਈ ਨਹੀਂ....ਮੈਂ ਆਪਦੇ ਧਰਮ ਤੋਂ ਅਜਿਹੇ ਕਿੰਨੇ ਈ ਤਗਮੇ, ਟਰਾਫੀਆਂ ਤੇ ਟੂਰਨਾਮੈਂਟ ਕੁਰਬਾਨ ਕਰ ਸਕਦਾ ਹਾਂ"...ਏਹ ਹੂ ਬ ਹੂ ਬੋਲ ਸਨ...ਅਗਲੇ ਦਿਨ ਅਖਬਾਰਾਂ ਚ ਛਪੀ ਜੱਸੇ ਦੀ ਗੱਲਬਾਤ ਦੇ.... ਤੇ ਹੋਰ ਕਮਾਲ ਦੀ ਗੱਲ... ਆਪਣੇ ਏਸ ਕਾਰਨਾਮੇ ਬਾਰੇ ਕੋਈ ਰੌਲ਼ਾ ਨਹੀਂ ਪਾਇਆ...ਵਾਹ ਵਾਹ ਲਈ ਫੇਸਬੁੱਕ ਤੇ ਕੋਈ ਪੋਸਟ ਨਹੀਂ...ਕਿਤੇ ਲਾਈਵ ਨਹੀਂ ਹੋਇਆ...ਭਵਿੱਖ ਕੁਝ ਵੀ ਹੋਵੇ....ਪਰ ਜੋ ਪਿਆਰ ਤੇ ਇੱਜਤ ਦਿਲਾਂ ਵਿੱਚ ਜੱਸੇ ਦੇ ਏਸ ਫੈਸਲੇ ਨੇ ਬਣਾਈ ਐ...ਓਹ ਸ਼ਾਇਦ ਤਗਮਾ ਜਿੱਤ ਕੇ ਵੀ ਨਾ ਬਣਦੀ...ਥੋਡਾ ਪਤਾ ਨੀ...ਪਰ ਮੈਂ ਤੇ ਬਾਗੋਬਾਗ ਹੋਗਿਆ ਅੰਦਰੋਂ...ਦਿਲੋਂ ਦੁਆਵਾਂ ਬਾਈ ਲਈ...ਗੁਰੂ ਨਾਨਕ ਹੋਰ ਤਰੱਕੀਆਂ ਦੇਵੇ...ਜਿਊਂਦਾ ਰਹਿ ਮੱਲਾ...!!!!!

ਇਕ ਛੋਟੀ ਜਿਹੀ ਬੇਨਤੀ ਆ ਮਿੱਤਰੋ ! ਕੌਮ ਨੂੰ ਸਿੱਖੀ ਨੂੰ ਦਿਲੋਂ ਪਿਆਰ ਕਰਨ ਵਾਲੇ ਇਹੋ ਜਿਹੇ ਵੀਰਾਂ ਦੀਆਂ ਯੁਗ ਯੁਗ ਖੈਰਾਂ ਹੋਣ, ਅਸੀਸਾਂ ਦਿਓ ਸਿੱਖੀ ਦੇ ਇਸ ਦੂਤ ਨੂੰ, ਜਿਸਨੂੰ ਸਿੱਖੀ ਨਾਲ ਪਿਆਰ ਹੈ, ਦੁਨਿਆਵੀ ਇਨਾਮਾਂ ਤੇ ਸ਼ੁਹਰਤਾਂ ਨਾਲ ਨਹੀਂ।

ਧੰਨਵਾਦ ਸਹਿਤ ਫੇਸਬੁੱਕ ਤੋਂ

# ਨਾਮਧਾਰੀ ਵਿਦਿਅਕ ਜਥੇ ਦਾ ਆਨਲਾਈਨ ਵਾਰਸ਼ਿਕ ਸੰਮੇਲਨ 2020

ਲਾਕਡਾਊਨ ਦੌਰਾਨ, ਜੋ ਬੱਚੇ ਅਕਸਰ ਇਨ੍ਹਾਂ ਦਿਨਾਂ ਵਿਚ ਸਾਲਾਨਾ ਸੰਮੇਲਨ ਦੀਆਂ ਤਿਆਰੀਆਂ ਵਿਚ ਜੁੱਟ ਜਾਂਦੇ ਸਨ, ਵਾਰ-ਵਾਰ ਆਪਣੇ ਮਾਤਾ ਪਿਤਾ ਨੂੰ ਪੁੱਛਦੇ, ਕੀ ਇਸ ਵਾਰ ਸਮੇਲਨ ਵੀ ਨਹੀਂ ਹੋਵੇਗਾ? ਅਤੇ ਮਾਪੇ ਵੀ ਕੋਈ ਠੋਸ ਉੱਤਰ ਨਾ ਦੇ ਪਾਉਂਦੇ। ਉਸੇ ਦੌਰਾਨ, ਕੁਝ ਏਸੇ ਤਰ੍ਹਾਂ ਦੀ ਸੋਚ ਵਿਚਾਰ ਵਿਸ਼ਵ ਨਾਮਧਾਰੀ ਵਿੱਦਿਅਕ ਜਥਾ ਦੇ ਸੇਵਾਦਾਰਾਂ ਦੇ ਮਨਾਂ ਵਿਚ ਵੀ ਚੱਲ ਰਹੀ ਸੀ। ਉਨ੍ਹਾਂ 1 ਮਈ 2020 ਨੂੰ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਫੇਸਬੁੱਕ ਪੇਜ ਤੇ ਇਕ ਛੋਟੀ ਆਨਲਾਈਨ ਪ੍ਰਤੀਯੋਗਤਾ ਵਾਸਤੇ ਸ਼ੇਅਰ ਦਿੱਤੀ। ਉਸਦਾ ਬੜਾ ਵਧੀਆ ਹੁੰਗਾਰਾ ਮਿਲਿਆ ਤਾਂ ਉਹਨਾਂ ਸ੍ਰੀ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਦੇ ਚਰਨਾਂ ਵਿੱਚ ਅਰਜ ਕਰੀ ਉਹਨਾਂ ਬੜੀਆਂ ਖੁਸ਼ੀਆਂ ਬਖਸ਼ੀਆਂ ਤੇ ਹੁਕਮ ਕੀਤਾ ਕਿ ਚੰਗਾ ਉਪਰਾਲਾ ਹੈ, ਇਸ ਨਾਲ ਬੱਚੇ ਚੰਗੇ ਪਾਸੇ ਜੁੜੇ ਰਹਿਣਗੇ। ਆਪ ਜੀ ਦੇ ਹੁਕਮ ਨਾਲ ਉਨ੍ਹਾਂ ਨੂੰ ਹੋਰ ਪ੍ਰੋਤਸਾਹਨਤਾ ਮਿਲੀ ਤੇ ਇਹਨਾਂ ਅਰਜ ਕਰ ਇਹ ਪ੍ਰਤੀਯੋਗਤਾਵਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 100 ਸਾਲਾ ਪ੍ਰਕਾਸ਼ ਵਰੇ ਨੂੰ ਸਮਰਪਿਤ ਆਨਲਾਈਨ ਸੰਮੇਲਨ ਦਾ ਦਾ ਨਾਮ ਦੇ ਦਿੱਤਾ।ਬੱਚਿਆ ਦੀਆਂ ਪੋਸਟਾਂ ਜਦੋਂ ਸ੍ਰੀ ਮਾਤਾ ਗੁਰਸ਼ਰਨ ਕੌਰ ਜੀ ਨਾਲ ਵੀ ਸ਼ੇਅਰ ਕੀਤੀਆਂ ਗਈਆਂ ਤਾਂ ਉਹਨਾ ਸਤਿਗੁਰੂ ਜੀ ਨੂੰ ਵਿਖਾਈਆ ਤੇ ਲਿਖ ਭੇਜਿਆ ਕਿ ਸਤਿਗੁਰੂ ਜੀ ਸਾਰੇ ਬੱਚਿਆਂ ਨੂੰ ਖੁਸ਼ੀਆਂ ਬਖਸ਼ੀਆਂ ਹਨ। ਜਦ ਇਸ ਗਲ ਦਾ ਪਤਾ ਬੱਚਿਆਂ ਤੇ ਨੌਜੁਆਨਾਂ ਤੱਕ ਸੋਸ਼ਲ ਮੀਡੀਆ ਰਾਹੀਂ ਪੁੱਜਿਆ ਤਾਂ ਹੋਰ ਵੀ ਉਤਸ਼ਾਹ ਵਧ ਗਿਆ। ਬੀਬੀ ਰਤਨ ਕੌਰ ਜੀ (ਸੇਵਾਦਾਰ ਇਸਤਰੀ ਵਿੱਦਿਅਕ ਜਥਾ) ਕਹਿਣ ਲੱਗੇ ਕਿ ਸਲਾਦ ਪ੍ਰਤੀਯੋਗਤਾ ਆਦਿ ਵੀ ਕਰਵਾ ਲਈਏ ਤੇ ਹਰਪਾਲ ਸਿੰਘ ਜੀ (ਦਿੱਲੀ) ਨੇ ਲਘੂ ਨਾਟਕ ਮੰਚਨ ਦੀ ਨਵੇਕਲੀ ਸਲਾਹ ਦਿੱਤੀ, ਗੁਰਮੀਤ ਸਿੰਘ ਚਾਨਾ ਜੀ ਸ਼ੁੱਧ ਗੁਰਬਾਣੀ ਬਾਰੇ ਮਸ਼ਵਰਾ ਦਿੱਤਾ। ਰਜਿੰਦਰ ਸਿੰਘ ਸੱਗੂ ਜੀ ਫਿਲੌਰ ਵਾਲਿਆਂ ਜੋ ਆਪ ਚਿੱਤਰਕਾਰ ਹਨ ਨੇ ਕੰਪੀਟਿਸ਼ਨ ਤੇ ਹਰਕੀਰਤ ਸਿੰਘ ਨੇ ਫੋਟੋਗ੍ਰਾਫੀ ਲਈ ਆਪੋ ਆਪਣੇ ਮਸ਼ਵਰੇ ਦਿੱਤੇ ਤੇ ਇਹ ਲਾਗੂ ਕਰ ਦਿੱਤੇ ਗਏ। ਇਸੇ ਤਰਾਂ ਤਬਲਾ ਤੇ ਗਾਇਨ ਪ੍ਰਤੀਯੋਗਤਾ ਵੀ ਹੋ ਗਈ। ਅਰਦਾਸ, ਰਹਿਤਨਾਮਾ, ਮੂਲ ਮੰਤਰ, ਦਸਤਾਰ, ਪ੍ਰਸ਼ਨ ਉੱਤਰ ਆਦਿ ਭਿੰਨ-ਭਿੰਨ ਪ੍ਰਤੀਯੋਗਤਾਵਾਂ ਦਾ ਏਨਾ ਹੁੰਗਾਰਾ ਮਿਲਿਆ ਕਿ ਲਗਭਗ ਸੰਮੇਲਨ ਹੀ ਹੋ ਨਿੱਬੜਿਆ। ਬਹੁਤ ਸਾਰੀਆ ਥਾਵਾਂ ਤੋਂ ਨਵੇਂ ਬੱਚੇ ਸਤਿਗੁਰੂ ਜੀ ਦੀ ਕਿਰਪਾ ਨਾਲ ਵਿਦਿਅਕ ਜਥੇ ਨਾਲ ਜੁੜੇ। ਭਾਰਤ ਤੋਂ ਇਲਾਵਾ ਆਸਟ੍ਰੇਲੀਆ, ਥਾਈਲੈਂਡ, ਅਮਰੀਕਾ ਆਦਿ ਦੇਸ਼ਾਂ ਦੇ ਬੱਚਿਆਂ ਨੇ ਵੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ ਇਸ ਵਿੱਚ ਭਾਗ ਲਿਆ।ਵੱਖ ਵੱਖ ਇਲਾਕਿਆਂ ਦੇ ਵਿਦਿਅਕ ਜਥਿਆ ਦੇ ਸੇਵਾਦਾਰਾਂ ਨੇ ਵੀ ਆਪਣਾ ਬਹੁਤ ਸਹਿਯੋਗ ਦਿੱਤਾ।

ਇਕ ਫਾਇਦਾ ਇਸ ਦਾ ਹੋਰ ਹੋਇਆ ਕਿ ਸ੍ਰੀ ਭੈਣੀ ਸਾਹਿਬ ਵਿਚ ਸੰਮੇਲਨ ਦੌਰਾਨ ਜੋ ਬੱਚੇ ਪੜ੍ਹਾਈ ਅਤੇ ਹੋਰ ਕਿਸੇ ਕਾਰਨਾਂ ਕਰਕੇ ਸ਼ਾਮਿਲ ਨਹੀਂ ਵੀ ਹੋ ਪਾਉਂਦੇ ਸਨ, ਇਸ ਆਨਲਾਈਨ ਸੰਮੇਲਨ ਵਿਚ ਉਹਨਾਂ ਬੱਚਿਆਂ ਨੇ ਵੀ ਘਰ ਬੈਠੇ ਆਪਣੀ ਹਾਜ਼ਰੀ ਲਗਵਾਈ। ਕਈ ਬੱਚਿਆਂ ਨੇ ਵੀਡੀਓ ਗੀਤ, ਕਵਿਤਾਵਾਂ ਅਤੇ ਸਾਖੀਆਂ ਆਦਿ ਵੀ ਭੇਜੀਆਂ।ਛੋਟੇ ਛੋਟੇ ਬੱਚੇ ਬੱਚੀਆਂ, ਜਿਨ੍ਹਾਂ ਅਜੇ ਬੋਲਣਾ ਅੱਛੀ ਤਰਾਂ ਸਿੱਖਿਆ ਹੀ ਨੀ, ਮੂਲ ਮੰਤਰ ਦਾ ਪਾਠ ਸੁਣਾ ਸਾਰਿਆਂ ਦਾ ਮਨ ਜਿੱਤ ਲਿਆ। ਇਸ ਦੌਰਾਨ ਬੱਚਿਆਂ ਨੇ ਤਾਂ ਉਤਸ਼ਾਹ ਦਿਖਾਇਆ ਹੀ, ਨਾਲ ਹੀ ਉਹਨਾਂ ਦੇ ਵਿਚ ਮਾਤਾ ਪਿਤਾ, ਦਾਦਾ ਦਾਦੀ, ਨਾਨਾ ਨਾਨੀ ਸਾਰਿਆਂ ਨੇ ਉਹਨਾਂ ਬੱਚਿਆਂ ਨੂੰ ਬਹੁਤ ਸਮਾਂ ਦੇ ਕੇ ਅਤੇ ਬਹੁਤ ਉਤਸ਼ਾਹ ਨਾਲ ਤਿਆਰੀ ਕਰਵਾਈ।

ਵੱਖ ਵੱਖ ਪ੍ਰਤੀਯੋਗਤਾਵਾਂ ਦੇ ਮਾਹਿਰ ਪਾਰਖੂਆਂ (ਜਿਵੇਂ ਕਿ ਬੀਬੀ ਜਯੋਤਿਸਨਾ ਕੌਰ ਜੀ ਅਤੇ ਸਰਬ ਸ਼ਕਤੀਮਾਨ ਜੀ, ਬੀਬੀ ਸੁੰਦਰਜੀਤ ਕੌਰ, ਸੰਤ ਸਵਿੰਦਰ ਸਿੰਘ ਜੀ ਲੁਧਿਆਣੇ ਤੋਂ)ਨੇ ਭਾਸ਼ਣ, ਰਹਿਤਨਾਮਾ ਪਾਤਸ਼ਾਹੀ ਬਾਰਵੀਂ, ਅਰਦਾਸ ਆਦਿ ਮੁਕਾਬਲਿਆਂ ਦੀ ਅਤੇ ਬੀਬੀ ਲਖਵਿੰਦਰ ਕੌਰ ਜੀ ਨੇ ਗੂਗਲ ਫਾਰਮੈਟ ਅਤੇ ਲਿਖਤੀ ਇਤਿਹਾਸਕ ਪ੍ਰਤੀਯੋਗਤਾ ਦੀ ਅਤੇ ਬੀਬੀ ਅਵਤਾਰ ਕੌਰ 'ਸ਼ਰੁਤੀ' ਜੀ ਨੇ ਗਾਇਨ ਪ੍ਰਤੀਯੋਗਤਾ ਦੀ ਜੱਜਮੈਂਟ ਕੀਤੀ। ਉਹਨਾਂ ਵਲੋਂ ਕਈ ਸੌ ਪ੍ਰਤੀਯੋਗਤਾਵਾਂ ਦੀਆਂ ਵੀਡੀਓਜ਼ ( ਪੇਸ਼ਕਾਰੀ, ਹਦਾਇਤਾਂ ਦਾ ਪੂਰਾ ਪਾਲਣ ਅਤੇ ਮਰਿਆਦਾ ਆਦਿ) ਨੂੰ ਦੇਖਣ ਪਰਖਣ ਉਪਰੰਤ ਜੁਲਾਈ ਮਹੀਨੇ ਦੇ ਅਖੀਰ ਤੱਕ ਨਤੀਜੇ ਸਾਧ ਸੰਗਤ ਦੇ ਸਪੁਰਦ ਕੀਤੇ ਗਏ। ਸੰਤ ਮੰਗਲਜੀਤ ਸਿੰਘ ਦਿੱਲੀ, ਹਰਪ੍ਰੀਤ ਸਿੰਘ ਮੰਡੀ, ਆਦਿ ਕੇਂਦਰੀ ਸੇਵਾਦਾਰਾਂ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ। ਕੇਂਦਰੀ ਜਥੇ ਦੇ ਸੇਵਾਦਾਰਾਂ ਵਿੱਚੋਂ ਡਾਕਟਰ ਪੁਸ਼ਪਿੰਦਰ ਸਿੰਘ ਤੇ ਉਹਨਾ ਦੀ ਧਰਮ ਪਤਨੀ ਡਾ. ਕਮਲਪ੍ਰੀਤ ਕੌਰ ਦੋਵੇਂ ਕੋਰੋਨਾ ਯੁੱਧ ਦੇ ਫਰੰਟ ਲਾਈਨ ਯੋਧਿਆਂ ਵਿੱਚ ਡਟੇ ਹੋਏ ਸਨ।

ਇਕ ਯੂਮ ਮੀਟਿੰਗ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਦੀ ਕੇਂਦਰੀ ਕਮੇਟੀ ਵਲੋਂ ਰੱਖੀ ਗਈ ਜਿਸ ਵਿਚ ਉਨ੍ਹਾਂ ਵੱਖ-ਵੱਖ ਇਲਾਕਿਆਂ ਦੇ ਵਿੱਦਿਅਕ ਜਥੇ ਦੇ ਸੇਵਾਦਾਰਾਂ ਨੂੰ

ਸੱਦਾ ਦਿੱਤਾ ਅਤੇ ਆਨਲਾਈਨ ਸੰਮੇਲਨ ਕਿੱਦਾਂ ਰਿਹਾ ਅਤੇ ਜੋ ਜੇਤੂ ਸਿਖਿਆਰਥੀ ਹਨ, ਉਨ੍ਹਾਂ ਲਈ ਵਿਚਾਰ ਕੀਤੀ ਜਾ ਰਹੀ ਹੈ ਅਤੇ ਸਤਿਗੁਰੂ ਜੀ ਨੂੰ ਅਰਜ ਕਰਕੇ ਉਹਨਾਂ ਸਾਰਿਆਂ ਨੂੰ ਆਉਂਦੇ ਐਤਵਾਰ ਨੂੰ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਦੇ ਆਨਲਾਈਨ ਦਰਸ਼ਨ ਤੇ ਬਚਨ ਬਿਲਾਸ ਦਾ ਮੌਕਾ ਦਿੱਤਾ ਜਾਵੇਗਾ, ਆਦਿ ਵਿਸ਼ਿਆਂ ਤੇ ਵਿਚਾਰ ਵਟਾਂਦਰਾ ਕੀਤਾ। ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਸੁਖਵਿੰਦਰ ਸਿੰਘ ਹੁਰਾਂ ਇਸ ਬਾਰੇ ਅਰਜ ਪਹਿਲੋਂ ਹੀ ਕਰ ਲਈ ਸੀ। ਅਗਲੇ 2-3 ਦਿਨਾਂ ਵਿਚ ਹੀ ਲਗਭਗ ਸਾਰੇ ਸਿਖਿਆਰਥੀ, ਜਿਨ੍ਹਾਂ ਨੇ ਕਿਸੇ ਵੀ ਪ੍ਰਤੀਯੋਗਤਾ 'ਚ ਹਿੱਸਾ ਲਿਆ ਸੀ, ਉਨ੍ਹਾਂ ਤੋਂ ਗੂਗਲ ਫਾਰਮ ਭਰਵਾ ਲਏ ਗਏ ।

2 ਅਗਸਤ 2020 ਦਿਨ ਐਤਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਸੱਚੇ ਪਾਤਿਸ਼ਾਹ ਜੀ ਨੇ ਜ਼ੂਮ ਮੀਟਿੰਗ ਤੇ ਲਾਈਵ ਸੈਸ਼ਨ ਦੌਰਾਨ 200 ਦੇ ਕਰੀਬ ਜੇਤੂ ਬੱਚੇ ਬੱਚੀਆਂ ਨਾਲ, ਕੇਂਦਰੀ ਕਮੇਟੀ ਦੇ ਸੇਵਾਦਾਰਾਂ ਨਾਲ ਬਚਨ ਕੀਤੇ। ਸੰਗਤ ਲੌਕਡਾਊਨ ਦੌਰਾਨ ਇੰਨੇ ਚਿਰ ਬਾਅਦ ਆਪਣੇ ਪਿਆਰੇ ਸਤਿਗੁਰੂ ਦੇ ਦਰਸ਼ਨ ਕਰਕੇ ਧੰਨ ਧੰਨ ਹੋ ਗਈ। ਬਾਰੀ ਬਾਰੀ ਜਗਿਆਸੂ ਬੱਚੇ ਬੱਚੀਆਂ ਨੇ ਸਚੇ ਪਾਤਸ਼ਾਹ ਜੀ ਨਾਲ ਦਿਲਾਂ ਦੇ ਵਲਵਲੇ ਸਾਂਝੇ ਕੀਤੇ ।ਸਤਿਗੁਰ ਜੀ ਦਾ ਧੰਨਵਾਦ ਕਰਦਿਆਂ ਖੁਸ਼ੀ ਉਹਨਾਂ ਤੋਂ ਸੰਭਾਲੀ ਨਹੀਂ ਜਾ ਰਹੀ ਸੀ। ਬਚਨ ਬਿਲਾਸ ਉਪਰੰਤ ਸਤਿਗੁਰੂ ਜੀ ਨੇ ਉਪਦੇਸ਼ ਦੌਰਾਨ ਸਭ ਸੰਗਤਾਂ ਖਾਸਕਰ ਬੱਚਿਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਸੁਖਵਿੰਦਰ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਕੌਰ ਤੇ ਇਹਨਾ ਦੇ ਸਾਥੀਆਂ ਨੇ ਲਾਕਡਾਊਨ ਦੌਰਾਨ ਉਦਮ ਕਰ ਇਹ ਸੰਮੇਲਨ ਕਰਕੇ ਤੁਹਾਡਾ ਸਭ ਬੱਚਿਆਂ ਦਾ ਮਨ ਏਧਰ ਓਧਰ ਭਟਕਣ ਦੀ ਬਜਾਏ ਚੰਗੇ ਪਾਸੇ ਲਾਈ ਰੱਖਿਆ। ਤੁਸੀਂ ਸਤਿਗੁਰਾਂ ਦਾ ਜਸ ਕੀਤਾ, ਨਾਮ ਅਤੇ ਬਾਣੀ ਨਾਲ ਜੁੜੇ ਰਹੇ। ਤੁਸੀਂ ਸਾਰੇ ਸੰਗੀਤ ਵੀ ਸਿੱਖਿਆ ਕਰੋ, ਗੁਰਬਾਣੀ ਪੜ੍ਹਿਆ ਅਤੇ ਕੰਠ ਕਰਨ ਦੀ ਕੋਸ਼ਿਸ਼ ਕਰੋ। ਕਿਸੇ ਵਾਸਤੇ ਵੀ ਈਰਖਾ ਨੂੰ ਮਨ ਵਿਚੋਂ ਕੱਢ ਕੇ ਨਾਮ ਜਪਣ ਨਾਲ ਸਾਡਾ ਧਿਆਨ ਲੱਗਣ ਲੱਗ ਜਾਏਗਾ। ਆਪਾਂ ਸਦਾ ਈ ਇਹ ਅਰਦਾਸ ਕਰਿਆ ਕਰੀਏ ਕਿ ਸਾਡਾ ਮਨ ਗੁਰੂ ਚਰਨਾਂ ਵਿਚ ਲੱਗੇ ਅਤੇ ਈਰਖਾ ਰਹਿਤ ਹੋਵੇ। ਤੁਸੀਂ ਤੜਕੇ ਉੱਠਕੇ ਇਸ਼ਨਾਨ ਕਰਕੇ ਨਾਮ ਸਿਮਰਨ ਨੂੰ ਆਪਣਾ ਨਿਯਮ ਬਣਾ ਲਵੋ ਆਦਿ।

ਸੰਮੇਲਨ ਦੌਰਾਨ ਬੇਸ਼ੱਕ ਕੁਝ ਸੰਗਤ ਦੇ ਮਨਾਂ ਵਿਚ ਇਕ ਪਲ ਲਈ ਆਇਆ ਹੋਵੇਗਾ, ਕਿ ਬਾਕੀ ਸਾਰੇ ਬੱਚੇ ਤਾਂ ਬਹੁਤ ਵਧੀਆ ਤਰੀਕੇ ਨਾਲ ਪਰਫ਼ਾਰਮ ਕਰ ਰਹੇ ਹਨ, ਸਾਡੇ ਬੱਚੇ ਏਨਾ ਕਰ ਸਕਣਗੇ? ਉਨ੍ਹਾਂ ਲਈ ਅਰਜ ਹੈ ਕਿ ਸੰਮੇਲਨ ਦਾ ਮੰਤਵ ਅਸਲ ਇਹ ਹੁੰਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਗੁਰਬਾਣੀ ਵਾਲੇ ਪਾਸੇ, ਧਰਮ ਵੱਲ ਨੂੰ ਲੈ ਕੇ ਜਾਣਾ ਹੈ। ਹਰ ਇਕ ਬੱਚਾ ਆਪਣੀ ਇਕ ਖਾਸੀਅਤ ਰੱਖਦਾ ਹੈ। ਹੋਰ ਕਿਤੇ ਕੀ ਦੇਖਣਾ, ਅਸੀਂ ਆਪਣੇ ਹੀ ਬੱਚਿਆਂ ਨੂੰ ਦੇਖੀਏ, ਸਾਡਾ ਕੋਈ ਬੱਚਾ ਜੇਕਰ ਭਾਸ਼ਣ ਵਧੀਆ ਬੋਲਦਾ ਹੈ, ਤਾਂ ਦੂਸਰਾ ਬੱਚਾ ਸੰਗੀਤ 'ਚ ਵਧੀਆ ਹੈ, ਇਕ ਨੂੰ ਕੰਪਿਊਟਰ ਪ੍ਰੋਗਰਾਮਿੰਗ ਵਧੀਆ ਆਉਂਦੀ, ਤਾਂ ਦੂਸਰੇ ਨੂੰ ਚਿੱਤਰਕਾਰੀ, ਇਕ ਪੜ੍ਹਾਈ 'ਚ ਵਧੀਆ, ਤਾਂ ਦੂਸਰਾ ਖੇਡਾਂ ਵਿੱਚ। ਇਸੇ ਲਈ ਸੰਮੇਲਨ ਵਿਚ ਸਾਰੇ ਬੱਚਿਆਂ ਦੀਆਂ ਰੁਚੀਆਂ ਦੇ ਹਿਸਾਬ ਨਾਲ ਪ੍ਰਤੀਯੋਗਤਾਵਾਂ ਰੱਖੀਆਂ ਜਾਂਦੀਆਂ ਹਨ। ਘਟੋ ਘੱਟ ਸਾਡੇ ਬੱਚੇ ਕਲਯੁਗ ਦੇ ਪ੍ਰਕੋਪ ਤੋਂ ਤਾਂ ਬਚੇ ਰਹਿਣ, ਲੱਚਰ ਗੀਤਾਂ ਅਤੇ ਹੋਰ ਨੀਚਲੇ ਦਰਜੇ ਦੀਆਂ ਵੀਡੀਓ ਬਣਾਉਣ ਦਾ ਭੱਦਾ ਸ਼ੌਂਕ ਜੋ ਦੁਨੀਆ ਵਿਚ ਵਧ ਰਿਹਾ ਹੈ ਇਸ ਦਾ ਕਾਰਨ ਉਹਨਾਂ ਲੋਕਾਂ ਨੂੰ ਮਿਲੀ ਅਜਿਹੀ ਸਿੱਖਿਆ ਹੀ ਹੈ। ਇਸ online ਸਮੇਲਨ ਦੌਰਾਨ ਸਾਡੇ ਬੱਚਿਆਂ ਦਾ ਧਿਆਨ ਗੁਰਬਾਣੀ ਵਿੱਚ, ਸਿੱਖੀ ਵਾਲੇ ਪਾਸੇ ਰਿਹਾ। ਬਹੁਤ ਕ੍ਰਿਪਾ ਕੀਤੀ ਸ੍ਰੀ ਹਜ਼ੂਰ ਸਤਿਗੁਰੂ ਜੀ ਨੇ।

ਇਸ ਵਾਰ ਜੋ ਵੀ ਪ੍ਰਤੀਯੋਗਤਾਵਾਂ ਆਨਲਾਈਨ ਮੁਮਕਿਨ ਸਨ, ਵਿਸ਼ਵ ਨਾਮਧਾਰੀ ਵਿੱਦਿਅਕ ਜੱਥੇ ਦੇ ਸੇਵਾਦਾਰਾਂ ਵਲੋਂ ਕੋਸ਼ਿਸ਼ ਕੀਤੀ ਗਈ, ਉਹਨਾਂ ਨੂੰ ਹੀ ਕਰਵਾਇਆ ਗਿਆ ਜੋ ਕਿ ਭਵਿੱਖ ਵਿੱਚ ਵੀ ਸਤਿਗੁਰੂ ਜੀ ਦੀ ਕਿਰਪਾ ਨਾਲ ਜਾਰੀ ਰਹਿਣਗੀਆਂ।

ਜਦੋਂ ਬੱਚੇ ਆਪਣੇ ਮਾਤਾ-ਪਿਤਾ ਨਾਲ ਸਾਧ ਸੰਗਤ ਵਿੱਚ ਆਉਂਦੇ ਹਨ ਤਾਂ ਆਪਣੀ ਚੰਚਲ ਪ੍ਰਵਿਰਤੀ ਕਰਕੇ, ਦੀਵਾਨ, ਕਥਾ ਅਤੇ ਕੀਰਤਨ ਘੱਟ ਵੱਧ ਹੀ ਸੁਣਦੇ ਹਨ, ਪਰੰਤੂ ਸੰਮੇਲਨ ਵਿਚ ਆਉਣ ਨਾਲ, ਪ੍ਰਤੀਯੋਗਤਾ ਲਈ ਉਹਨਾਂ ਨੂੰ ਦੀਵਾਨ, ਵੱਖੋ-ਵੱਖ ਵਿਸ਼ਿਆਂ ਤੇ ਭਾਸ਼ਣ, ਸਵਾਲ ਜਵਾਬ ਪ੍ਰਤੀਯੋਗਤਾ ਅਤੇ ਗੁਰਬਾਣੀ ਆਪ ਪੜ੍ਹਨੀ ਹੁੰਦੀ ਹੈ। ਇਸ ਲਈ ਵੱਡੇ ਹੁੰਦੇ ਹੁੰਦੇ ਕਾਫੀ ਸਾਖੀਆਂ, ਗੁਰਬਾਣੀ ਅਤੇ ਧਾਰਨਾਵਾਂ ਤਾਂ ਆਪ ਹੀ ਉਹਨਾਂ ਨੂੰ ਯਾਦ ਹੋ ਜਾਂਦੀਆਂ ਹਨ ਅਤੇ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਗਲਤ ਪਾਸੇ ਜਾਣ ਨਹੀਂ ਦੇਣਾ ਚਾਹੁੰਦੇ ਤਾਂ ਅਜੋਕੇ ਕਲਯੁਗ ਵਿਚ ਇਹ ਇਕ ਬਹੁਤ ਵੱਡੀ ਲੋੜ ਹੈ। ਇਹ ਬਿਲਕੁਲ ਨਾ ਸੋਚੀਏ, ਕਿ ਸਾਡਾ ਕਿਹੜਾ ਇਨਾਮ ਨਿਕਲਣਾ। ਆਪਣੇ ਹੀ ਬੱਚਿਆਂ ਦੇ ਉੱਜਲ ਭਵਿੱਖ ਲਈ ਜਿਸ ਤਰਾਂ ਆਪਾਂ ਉਹਨਾਂ ਨੂੰ ਵਧੀਆ ਤੋਂ ਵਧੀਆ ਸਿੱਖਿਆ ਦਵਾਉਂਦੇ ਹਾਂ, ਉਸੇ ਤਰਾਂ ਉਹਨਾਂ ਨੂੰ ਇਕ ਵਧੀਆ ਸਿੱਖ ਬਣਾਉਣ ਲਈ, ਸੰਸਾਰਕ ਕੁਰੀਤੀਆਂ ਤੋਂ ਬਚਾਉਣ ਲਈ, ਏਸ ਪਾਸੇ ਵੀ ਜਰੂਰ ਲਾਇਆ ਕਰੀਏ।

ਸਾਰੇ ਮਿਲ ਕੇ ਅਰਦਾਸ ਕਰੀਏ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਧੰਨ ਸਤਿਗੁਰੂ ਉਦੇ ਸਿੰਘ ਜੀ ਕਿਰਪਾ ਕਰੋ, ਛੇਤੀ ਇਸ ਮਹਾਂਮਾਰੀ ਤੋਂ ਸੰਸਾਰ ਨੂੰ ਛੁਟਕਾਰਾ ਮਿਲੇ ਅਤੇ ਫੇਰ ਉਸੇ ਤਰਾਂ ਸੰਗਤ ਵਿਚ ਮੇਲਿਆਂ ਵਿਚ ਆਉਣ ਦਾ ਦਰਸ਼ਨ ਕਰਨ ਦਾ ਸੁਭਾਗ ਹਾਸਲ ਹੋਵੇ।

ਨਰਿੰਦਰ ਕੌਰ ਮਠਾੜੂ

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਨਲਾਈਨ ਵਾਰਸ਼ਿਕ ਵਿਦਿਅਕ ਸੰਮੇਲਨ ਵਿੱਚ ਭਾਗ ਲੈਣ ਵਾਲੇ ਨੌਜੁਆਨਾਂ ਨਾਲ ਰੂਬਰੂ ਹੋ ਕੇ ਬਚਨ ਬਿਲਾਸ ਕਰਦੇ ਹੋਏ।

**2 ਅਗਸਤ 2020 ਸ੍ਰੀ ਭੈਣੀ ਸਾਹਿਬ**




ਸਾਰੀ ਸਾਧ ਸੰਗਤ ਨੂੰ, ਨੌਜਵਾਨਾਂ ਨੂੰ ਸਤਿ ਸ੍ਰੀ ਅਕਾਲ। ਆਸ ਕਰਦਾ ਹਾਂ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਤੁਸੀਂ ਸਾਰੇ ਠੀਕ ਹੋਵੋਗੇ।

ਸਾਨੂੰ ਗੁਰਬਾਣੀ ਜ਼ਰੂਰ ਪੜ੍ਹਨੀ ਚਾਹੀਦੀ ਹੈ। ਸਭ ਤੋਂ ਵੱਡੀ ਫਿਲਾਸਫੀ, ਸਭ ਤੋਂ ਵੱਡਾ ਸੱਚ ਸਾਨੂੰ ਗੁਰਬਾਣੀ ਵਿੱਚੋਂ ਹੀ ਮਿਲਦਾ ਹੈ। ਅਸੀਂ ਰੋਜ਼ ਅਰਦਾਸ ਵਿੱਚ ਸਰਬੱਤ ਦਾ ਭਲਾ ਕਹਿੰਦੇ ਹਾਂ, ਕੀ ਅਸੀਂ ਦਿਲੋਂ ਸਰਬੱਤ ਦਾ ਭਲਾ ਮੰਗਦੇ ਹਾਂ? ਅਸੀਂ ਅਰਦਾਸ ਵਿੱਚ ਸੱਚੀਂ ਮੁੱਚੀਂ ਦਿਲੋਂ ਸਰਬੱਤ ਦਾ ਭਲਾ ਮੰਗਣਾ ਹੈ। ਆਪਾਂ ਅਰਦਾਸ ਵਿੱਚ ਕੋਈ ਦੁਖੀਆ ਰਹੇ ਹੀ ਨਾ ਕਹਿੰਦੇ ਹਾਂ ਜਦੋਂ ਕੋਈ ਦੁਖੀਆ ਨਹੀਂ ਰਹੇਗਾ, ਫਿਰ ਆਪਾਂ ਵੀ ਦੁਖੀ ਨਹੀਂ ਰਹਾਂਗੇ। ਆਪਾਂ ਕਿਸੇ ਦੇ ਸੁੱਖ ਨੂੰ ਵੇਖ ਕੇ ਦੁਖੀ ਨਾ ਹੋਈਏ। ਸਭ ਤੋਂ ਪਹਿਲਾਂ ਅਸੀਂ ਆਪਣੇ ਮਨ ਵਿੱਚੋਂ ਈਰਖਾ ਕੱਢੀਏ। ਨਾਮ-ਸਿਮਰਨ ਕਰਦਿਆਂ ਇਹ ਕੋਸ਼ਿਸ਼ ਕਰੀਏ ਕਿ ਸਾਡਾ ਮਨ ਵਿਚਾਰ ਰਹਿਤ ਹੋ ਕੇ ਪੰਜ ਮਿੰਟ, ਦੱਸ ਮਿੰਟ ਸਤਿਗੁਰੂ ਜੀ ਦੇ ਚਰਨਾਂ ਵਿੱਚ ਲੱਗੇ। ਮਨ ਦੀ ਹਾਲਾਤ ਇਸ ਤਰ੍ਹਾਂ ਹੈ ਕਿ ਇਹ ਇੱਕ ਮਿੰਟ ਵਿੱਚ ਕਈ ਥਾਵਾਂ ਤੋਂ ਫਿਰ ਆਉਂਦਾ ਹੈ ਪਰ ਅਸੀਂ ਯਤਨ ਕਰਕੇ ਸਤਿਗੁਰੂ ਚਰਨਾਂ ਵਿੱਚ ਜੋੜਨਾ ਹੈ। ਜਿਵੇਂ ਤੁਸੀਂ ਪੇਪਰਾਂ ਦੀ ਤਿਆਰੀ ਕਰਦੇ ਹੋ, ਮਨ ਨੂੰ ਬੜੇ ਜ਼ੋਰ ਨਾਲ ਪੜ੍ਹਾਈ ਵਿੱਚ ਜੋੜਦੇ ਹੋ। ਏਸੇ ਤਰ੍ਹਾਂ ਆਪਣਾ ਮਨ ਸਾਰੇ ਪਾਸਿਆਂ ਤੋਂ ਮੋੜ ਕੇ ਨਾਮ ਨਾਲ ਜੋੜੋ, ਫਿਰ ਹੌਲੀ-ਹੌਲੀ ਅਸੀਂ ਸਮਾਧੀ ਵਾਲੀ ਅਵਸਥਾ ਵੱਲ ਤੁਰਨਾ ਸ਼ੁਰੂ ਕਰਾਂਗੇ। ਨਾਮ ਦਾ ਉਚਾਰਨ ਕਰਦਿਆਂ ਬਹੁਤ ਧਿਆਨ ਰੱਖੋ ਕਿ ਉਚਾਰਨ ਅਸ਼ੁੱਧ ਨਾ ਹੋਵੇ ਅਤੇ ਸਾਰੇ ਅੱਖਰ ਲਗਾਂ, ਮਾਤਰਾਂ ਸਹਿਤ ਪੂਰੇ ਉਚਾਰੇ ਜਾਣ। ਇਸ ਕੋਰੋਨਾ ਦੇ ਸਮੇਂ ਵਿੱਚ ਤੁਸੀਂ ਸਾਰਿਆਂ ਨੇ ਮੇਰੇ ਕਹਿਣ ਤੋਂ ਬਹੁਤ ਵੱਧ ਕੇ ਨਾਮ-ਸਿਮਰਨ ਕੀਤਾ ਹੈ। ਤੁਹਾਡੇ ਤੇ ਸਤਿਗੁਰੂ ਜੀ ਦੀ ਬਹੁਤ ਕ੍ਰਿਪਾ ਹੈ। ਅਸੀਂ ਹਮੇਸ਼ਾ ਸਤਿਗੁਰੂ ਜੀ ਦੇ ਚਰਨਾਂ ਵਿੱਚ ਏਹੀ ਅਰਦਾਸ ਕਰੀਏ ਕਿ ਸਾਡੀ ਪ੍ਰੀਤ ਤੇ ਪ੍ਰਤੀਤ ਤੁਹਾਡੇ ਨਾਲ ਬਣੀ ਰਹੇ।



5-07-2020 ਐਤਵਾਰ ਸ੍ਰੀ ਭੈਣੀ ਸਾਹਿਬ'ਗੁਰੂ ਪੂਰਨਿਮਾ' ਦੇ ਦਿਹਾੜੇ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾ 'ਚ ਹਾਜ਼ਰੀ ਭਰਦੇ ਹੋਏ ਦਿੱਲੀ ਦੇ ਨੌਜਵਾਨ ਰਸ਼ਪਾਲ ਸਿੰਘ ਭੱਟੀ, ਲਖਵਿੰਦਰ ਸਿੰਘ, ਗੁਰਦੀਪ ਸਿੰਘ ਭੱਟੀ, ਗੁਰਵਿੰਦਰ ਸਿੰਘ, ਨਰਿੰਦਰ ਸਿੰਘ ਭਮਰਾ, ਗੁਰਜੀਤ ਸਿੰਘ ਤੇ ਮਨਮੀਤ ਸਿੰਘ ਸਲੈਚ।



ਹਰਪ੍ਰੀਤ ਕੌਰ ਸਪੁੱਤਰੀ ਹੀਰਾ ਸਿੰਘ ਨੇ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਇਹ ਤਸਵੀਰ ਸਤਿਗੁਰੂ ਜੀ ਨੂੰ ਭੇਟ ਕੀਤੀ ਸਤਿਗੁਰੂ ਜੀ ਹੁਕਮ ਕੀਤਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਬਣਾਇਆ ਕਰੋ।



9 ਜੁਲਾਈ 2020 ਸੈਕਟਰ 8 ਚੰਡੀਗੜ ਵਿਖੇ ਸ੍ਰੀ ਸਤਿਗੁਰੂ ਜੀ 'ਦਾ ਕਰੀਮ ਵੇਅ' ਦੁਕਾਨ ਦਾ ਉਦਘਾਟਨ ਕਰਦੇ ਹੋਏ। ਇਹ ਸੰਤ ਸਤਨਾਮ ਸਿੰਘ ਜੀ ਸਸਰਾਲੀ ਵਾਲਿਆਂ ਦੀ ਦੂਸਰੀ ਦੁਕਾਨ ਹੈ। ਪਹਿਲੀ ਲੁਧਿਆਣੇ ਹੈ।



## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ

ਗੰਗਾ, ਗਯਾ, ਦਾਨ, ਬ੍ਰਤ, ਸੰਜਮ,
ਸਿੰਮ੍ਰਿਤਿ, ਬੇਦ, ਪੁਰਾਨ ਤੁਹੀਂ ਹੈਂ।
ਮੱਕਾ, ਹੱਜ, ਜ਼ਕਾਤ ਔ ਰੋਜ਼ੇ,
ਕਲਮਾਜ਼ਾਨ ,ਕੁਰਾਨ ਤੁਹੀਂ ਹੈਂ।
ਰਹਿਤ, ਜਾਪ, ਇਸ਼ਨਾਨ, ਸ਼ਹਾਦਤ,
ਸ਼ਰਧਾ ਕਾ ਅਸਥਾਨ ਤੁਹੀਂ ਹੈਂ।
ਬਾਈਬਲ, ਕ੍ਰਾਸ, ਚਰਚ, ਬਪਤਿਸਮਾ,
ਕੰਠੀ, ਤਿਲਕ, ਧਿਆਨ ਤੁਹੀਂ ਹੈਂ।

ਗੁਰਮੁਖ, ਸੰਤ, ਔਲੀਆ, ਜੋਗੀ,
ਸ਼ੁਭ-ਗੁਣ, ਕਲਾ, ਗਿਆਨ ਤੁਹੀਂ ਹੈਂ।
ਤੁਮਹੀ ਓਟ, ਬਲ, ਬੁੱਧਿ, ਧਨ, ਪ੍ਰਭੁਤਾ,
ਤੁਹੀਂ ਮਾਣ, ਸਨਮਾਨ ਤੁਹੀਂ ਹੈਂ।
ਤੁਮਹੀ ਧਰਤਿ, ਆਕਾਸ਼, ਭਾਨੁ ਤੂੰ,
ਜੀਉ, ਪਿੰਡ ਅਰੁ ਪ੍ਰਾਨ ਤੁਹੀਂ ਹੈਂ।
ਤੀਰਥੰਕਰ ਪੈਗੰਬਰ ਤੁਮ ਹੀ,
ਰੱਬ, ਗੁਰੂ, ਭਗਵਾਨ ਤੁਹੀਂ ਹੈਂ।

ਨਿਸ਼ਾਨ ਸਿੰਘ 'ਕਥਾਵਾਚਕ'



# ਵਾਹੁ ਵਾਹੁ ਮੇਰੇ ਪਿਆਰੇ ਪ੍ਰੀਤਮ

ਵਾਹੁ ਵਾਹੁ ਮੇਰੇ ਪਿਆਰੇ ਪ੍ਰੀਤਮ,
ਅਜਬ ਖੇਡ ਵਰਤਾਇਆ।

ਸੱਤ ਸਮੁੰਦਰੋਂ ਪਾਰ ਮੈਂ ਬੈਠਾ,
ਪਰ ਤੈਨੂੰ ਕੋਲੇ ਪਾਇਆ।

ਅੱਖੀਆਂ ਮੁੰਦਾ ਅੰਦਰ ਦਿੱਸੇ,
ਜਾਂ ਖੋਹਲਾਂ ਤਾਂ ਸਾਹਵੇਂ।

ਤੇਰਾ ਦਰਸ ਸਦਾ ਸੁਖਦਾਈ,
ਹਰ ਪਲ ਮੈਂ ਅਜਮਾਇਆ।

ਇਹ ਤਨ ਮੇਰਾ ਸਾਜ ਤੇ ਵਾਜ਼,
ਤੰਦਾਂ ਰੂਹ ਦੀਆਂ ਪਾਈਆਂ।

ਖੂਟੀ ਤੇਰੇ ਹੱਥ ਫੜਾਈ,
ਸੁਰ ਕਰ ਰੱਖੀਂ ਸਾਈਆਂ।

ਤੇਰੇ ਪੋਟਿਆਂ ਦੀ ਛੁਹ ਪਾ ਕੇ,
ਵੱਜਣ ਨਾਦ ਇਲਾਹੀ।

ਇਹ ਅਸੀਸ ਅਸਾਨੂੰ ਦੇਵੀਂ,
ਹੋਣ ਨਾ ਕਦੇ ਜੁਦਾਈਆਂ।

ਅਜੀਤ ਸਿੰਘ ਲਾਇਲ